2005ਸੋਧਿਆ ਸੰਸਕਰਣ

# ਕੰਮ ਵਾਲੇ ਸਥਾਨ ਉਤੇ ਸਿੱਖਣ ਲਈ ਮਾਪਿਆਂ ਅਤੇ ਸਰਪ੍ਰਸਤਾਂ ਵਾਸਤੇ ਇੱਕ ਗਾਈਡ

NSW ਦੇ ਸਰਕਾਰੀ ਸਕੂਲਾਂ ਦੇ ਉਨ੍ਹਾਂ ਵਿਦਿਆਰਥੀਆਂ ਲਈ ਜੋ TAFE NSW ਦੇ HSC ਸੰਸਥਾਨਾਂ ਵਿੱਚ ਕੋਰਸ ਕਰ ਰਹੇ ਹਨ।



ਇਹ ਗਾਈਡ ਕੰਮ ਵਾਲੇ ਸਥਾਨ ਉਤੇ ਸਿੱਖਣ ਦੀ ਧਾਰਨਾ ਬਾਰੇ ਮੁੱਢਲੀ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ ਕਿ ਇਸ ਵਿੱਚ ਕੀ-ਕੀ ਸ਼ਾਮਲ ਹੈ ਅਤੇ ਮਾਪਿਆਂ, ਸਰਪ੍ਰਸਤਾਂ ਅਤੇ ਵਿਦਿਆਰਥੀਆਂ ਲਈ ਕੀ-ਕੀ ਸਹਾਇਤਾ ਉਪਲਬਧ ਹੈ।

NEW SOUTH WALES DEPARTMENT OF EDUCATION AND TRAINING

PUNJABI - Parents and Carers Guide to Workplace Learning

## ਭਾਗ 1
## ਕੰਮ ਵਾਲੇ ਸਥਾਨ ਉਤੇ ਸਿੱਖਣ ਬਾਰੇ

- ਕੰਮ ਵਾਲੇ ਸਥਾਨ ਉਤੇ ਸਿਖਲਾਈ ਪ੍ਰੋਗਰਾਮ NSW ਦੇ ਸੈਕੰਡਰੀ ਸਕੂਲ ਦੇ ਪਾਠਕ੍ਰਮ ਦਾ ਹਿੱਸਾ ਹਨ। ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਮੇਂ ਦੀ ਇੱਕ ਯੋਜਨਾਬੱਧ ਸਮਾਂ ਮਿਆਦ - ਆਮ ਤੌਰ 'ਤੇ ਇੱਕ ਹਫ਼ਤਾ - ਉਨ੍ਹਾਂ ਦੀ ਪਸੰਦ ਦੇ ਕੰਮ ਵਾਲੇ ਸਥਾਨ 'ਤੇ ਜਮਾਤ ਦੇ ਕਮਰੇ ਵਿੱਚ ਉਨ੍ਹਾਂ ਦੇ ਸਿੱਖਣ ਦੇ ਮੁੱਲਵਾਨ ਵਾਧੇ ਵਜੋਂ ਬਿਤਾਉਣ ਲਈ ਉਤਸਾਹਿਤ ਕਰਦਾ ਹੈ।
- ਕੰਮ ਵਾਲੇ ਸਥਾਨ ਉਤੇ ਸਿੱਖਣ ਦੀ ਪ੍ਰਕਿਰਿਆ NSW ਵਿੱਚ ਸਾਰੇ ਸਕੂਲਾਂ ਅਤੇ ਯੋਗਤਾ ਦੇ ਸਾਰੇ ਪੱਧਰਾਂ ਉਤੇ ਵਾਜਬ ਹੈ।

### ਕੰਮ ਵਾਲੇ ਸਥਾਨ ਉਤੇ ਸਿੱਖਣਾ ਅਹਿਮ ਕਿਉਂ ਹੈ ?

ਕੰਮ ਵਾਲੇ ਸਥਾਨ ਉਤੇ ਸਿੱਖਣ ਨਾਲ ਵਿਦਿਆਰਥੀਆਂ ਨੂੰ ਇਨ੍ਹਾਂ ਗੱਲਾਂ ਵਿੱਚ ਮਦਦ ਮਿਲਦੀ ਹੈ :

- ਕੰਮ ਅਤੇ ਉਦਮ ਦੇ ਬਦਲਦੇ ਵਿਸ਼ਵ ਦਾ ਮਿਆਰੀ ਗਿਆਨ ਹਾਸਲ ਕਰਨ ਵਿੱਚ
- ਉਨ੍ਹਾਂ ਦੀਆਂ ਕੰਮ ਜਾਂ ਕੈਰੀਅਰ ਬਾਰੇ ਖ਼ਾਹਿਸ਼ਾਂ ਦੇ ਪਰੀਖਣ ਵਿੱਚ
- ਇੱਕ ਵਾਜਬ ਉਦਯੋਗ ਸੈਟਿੰਗ ਵਿੱਚ ਮੁਕੰਮਲ ਕੋਰਸ ਕਾਰਜ ਵਿੱਚ
- ਉਨ੍ਹਾਂ ਵਿਸ਼ੇਸ਼ਤਾਵਾਂ ਦਾ ਸਿੱਧਾ ਅਨੁਭਵ, ਜਿਨ੍ਹਾਂ ਦੀ ਮਾਲਕਾਂ ਨੂੰ ਤਲਾਸ਼ ਹੁੰਦੀ ਹੈ
- ਆਮ ਕੰਮ ਕਾਰ ਦੀਆਂ ਵਿਸ਼ੇਸ਼ਤਾਵਾਂ ਜਿਵੇਂ ਕਿ ਕੰਮ ਵਾਲੇ ਸਥਾਨ ਉਤੇ ਗੱਲਬਾਤ ਅਤੇ 'ਲੋਕ ਨਿਪੁੰਨਤਾਵਾਂ' ਅਤੇ/ਜਾਂ ਵਿਸ਼ਿਸ਼ਟ ਉਦਯੋਗਿਕ ਨਿਪੁੰਨਤਾਵਾਂ, ਜਿਵੇਂ ਕਿੱਤਾ-ਮੁਖੀ ਸਿੱਖਿਆ ਅਤੇ ਸਿਖਲਾਈ (vocational education and training ਜਾਂ VET) ਕੋਰਸ ਯੋਗਤਾਵਾਂ ਹਾਸਲ ਕਰਨ ਵਿੱਚ
- ਕੰਮ-ਕਾਰ ਵਾਲੇ ਰੁਝੇਵਿਆਂ ਭਰੇ ਬਾਲਗ ਮਾਹੌਲ ਵਿੱਚ ਸ਼ਿਰਕਤ ਕਰਦਿਆਂ ਵਧੇਰੇ ਸਵੈ-ਗਿਆਨ ਦੇ ਨਾਲ-ਨਾਲ ਵਧਿਆ ਹੋਇਆ ਭਰੋਸਾ ਅਤੇ ਪਰਪੱਕਤਾ ਹਾਸਲ ਕਰਨ ਵਿੱਚ
- ਸਕੂਲ 'ਚ ਪੜ੍ਹਾਈ, TAFE NSW ਜਾਂ ਨਿਜੀ ਜਾਂ ਰਜਿਸਟਰਡ ਭਾਈਚਾਰਕ ਸਿਖਲਾਈ ਸੰਗਠਨ (private or community registered training organisation (P/C RTO), ਯੂਨੀਵਰਸਿਟੀ 'ਚ ਅਧਿਐਨ, ਅਤੇ ਭਵਿੱਖ 'ਚ ਰੋਜ਼ਗਾਰ ਅਤੇ ਸਿਖਲਾਈ ਵਿਚਾਲੇ ਆਪਸੀ ਸਬੰਧ ਦੀ ਤਲਾਸ਼ ਵਿੱਚ
- ਸਕੂਲ ਤੋਂ ਅਗਲੇਰੀ ਸਿੱਖਿਆ, ਸਿਖਲਾਈ ਅਤੇ ਕੰਮ ਤੱਕ ਆਪਣੀ ਤਬਦੀਲੀ ਨੂੰ ਸੰਭਾਲਣ ਵਿੱਚ

### ਕੰਮ ਵਾਲੇ ਸਥਾਨ ਉਤੇ ਸਿਖਲਾਈ ਪ੍ਰੋਗਰਾਮ ਦੀਆਂ ਦੋ ਮੁੱਖ ਕਿਸਮਾਂ ਕਿਹੜੀਆਂ ਹਨ ?

#### Work Experience

- ਵਿਦਿਆਰਥੀ 'ਕੰਮ ਦੇ ਵਿਸ਼ਵ' ਦੇ ਆਮ ਜਾਣਕਾਰੀ ਵਿੱਚ ਸ਼ਿਰਕਤ ਕਰਦੇ ਹਨ, ਅਤੇ ਆਮ ਤੌਰ ਉਤੇ ਕੰਮ ਦੇ ਖੇਤਰ ਦੀ ਚੋਣ ਵਿਦਿਆਰਥੀ ਵੱਲੋਂ ਕੀਤੀ ਜਾਂਦੀ ਹੈ। ਵਿਦਿਆਰਥੀ ਬਹੁਤ ਸਾਰੇ ਕੰਮ ਵੇਖ ਸਕਦੇ ਹਨ ਅਤੇ ਉਹ ਆਪਣੀ ਨਿਪੁੰਨਤਾ ਦੇ ਪੱਧਰ ਦੇ ਹਿਸਾਬ ਨਾਲ ਨਿਗਰਾਨੀ-ਅਧੀਨ ਕੰਮ ਕਰ ਵੀ ਸਕਦੇ ਹਨ।
- Work experience ਰਾਹੀਂ ਕੰਮ, ਕੈਰੀਅਰ ਅਤੇ ਉਦਮ ਸਿੱਖਿਆ ਪ੍ਰੋਗਰਾਮਾਂ ਦੀ ਉਸਾਰੀ ਹੁੰਦੀ ਹੈ ਅਤੇ ਹੋਰ ਕੋਰਸ ਦੇ ਕੰਮ ਅਤੇ ਸਕੂਲ ਦੀਆਂ ਕੈਰੀਅਰ ਯੋਜਨਾਬੰਦੀ ਗਤੀਵਿਧੀਆਂ ਤਿਆਰ ਕੀਤੀਆਂ ਜਾਂਦੀਆਂ ਹਨ।
- ਇਹ ਪ੍ਰੋਗਰਾਮ ਆਮ ਤੌਰ ਉਤੇ ਪਹਿਲੀ ਵਾਰ 9ਵੇਂ ਜਾਂ 10ਵੇਂ ਸਾਲ ਵਿੱਚ ਕੀਤੇ ਜਾਂਦੇ ਹਨ। ਹੋਰ ਮੌਕੇ 11ਵੇਂ ਅਤੇ 12ਵੇਂ ਸਾਲ ਵਿੱਚ ਵੀ ਉਪਲਬਧ ਹੋ ਸਕਦੇ ਹਨ।

#### Work Placement

- Work placement ਵਿੱਚ 11 ਅਤੇ 12 ਸਾਲਾਂ ਦੇ ਉਹ ਵਿਦਿਆਰਥੀ ਸ਼ਾਮਿਲ ਹੁੰਦੇ ਹਨ ਜੋ ਆਪਣੇ ਹਾਇਰ ਸਕੂਲ ਸਰਟੀਫ਼ਿਕੇਟ (Higher School Certificate ਜਾਂ HSC) ਦੇ ਹਿੱਸੇ ਵਜੋਂ ਉਦਯੋਗਿਕ ਤੌਰ ਉਤੇ ਮਾਨਤਾ-ਪ੍ਰਾਪਤ ਕੋਰਸ ਪੜ੍ਹ ਰਹੇ ਹਨ। ਇਨ੍ਹਾਂ ਕੋਰਸਾਂ ਵਿੱਚ ਵਪਾਰਕ ਸੇਵਾਵਾਂ, ਨਿਰਮਾਣ, ਮਨੋਰੰਜਨ, ਪ੍ਰਾਹੁਣਚਾਰੀ, ਸੂਚਨਾ ਤਕਨਾਲੋਜੀ, ਧਾਤ ਅਤੇ ਇੰਜੀਨੀਅਰਿੰਗ, ਬੁਨਿਆਦੀ ਉਦਯੋਗ, ਪ੍ਰਚੂਨ ਅਤੇ ਸੈਰ-ਸਪਾਟਾ ਸ਼ਾਮਲ ਹਨ।
- ਇਹ ਕਿੱਤਾ-ਮੁਖੀ ਕੋਰਸ ਜਾਂ ਤਾਂ ਸਕੂਲ ਵੱਲੋਂ ਜਾਂ TAFE NSW ਸੰਸਥਾਨ ਵੱਲੋਂ ਕਰਵਾਏ ਜਾਂਦੇ ਹਨ, ਜਾਂ ਕੁੱਝ ਵਾਰ ਇਹ ਕਿਸੇ ਨਿਜੀ ਜਾਂ ਰਜਿਸਟਰਡ ਭਾਈਚਾਰਕ ਸਿਖਲਾਈ ਸੰਗਠਨ (private or community registered training organization ਜਾਂ P/C RTO), ਜਿਸ ਨੂੰ ਅਜਿਹੇ 'ਨਿਜੀ ਪ੍ਰੋਵਾਈਡਰ' ਵਜੋਂ ਵੀ ਜਾਣਿਆ ਜਾਂਦਾ ਹੈ ਜਿਸ ਨੂੰ ਸਕੂਲ ਵੱਲੋਂ ਵਿਦਿਆਰਥੀਆਂ ਲਈ ਖ਼ਾਸ ਉਦਯੋਗ-ਆਧਾਰਿਤ ਕੋਰਸ ਕਰਵਾਉਣ ਵਾਸਤੇ ਠੇਕੇ 'ਤੇ ਰੱਖਿਆ ਜਾਂਦਾ ਹੈ, ਵੱਲੋਂ ਕਰਵਾਏ ਜਾ ਸਕਦੇ ਹਨ।
- Work placement ਉਪਰੋਕਤ ਸੂਚੀ-ਬੱਧ ਕੋਰਸਾਂ ਲਈ ਇੱਕ **ਲਾਜ਼ਮੀ HSC ਜ਼ਰੂਰਤ** ਹੈ। Work placement, ਦੌਰਾਨ, ਇੱਕ ਮੇਜ਼ਬਾਨ ਮਾਲਕ, ਵਿਦਿਆਰਥੀਆਂ ਨੂੰ ਉਸ ਵੇਲੇ ਆਪਣੀ ਨਿਗਰਾਨੀ ਵਿੱਚ ਰਖਦਾ ਹੈ ਜਦੋਂ ਉਹ ਮੇਜ਼ਬਾਨ ਮਾਲਕ ਦੇ ਕੰਮ ਵਾਲੇ ਸਥਾਨ ਵਿੱਚ ਸਵੈ-ਇੱਛਾ ਨਾਲ ਸ਼ਿਰਕਤ ਕਰਦੇ ਹਨ, ਅਭਿਆਸ ਕਰਦੇ ਹਨ ਅਤੇ ਆਪਣੀਆਂ ਵਿਸ਼ਿਸ਼ਟ ਉਦਯੋਗਿਕ ਨਿਪੁੰਨਤਾਵਾਂ ਦਾ ਵਿਸਥਾਰ ਕਰਦੇ ਹਨ ਕਿ ਸਕੂਲ, TAFE NSW ਜਾਂ P/C RTO ਉਤੇ ਬਿਨਾਂ ਕੋਈ ਕੰਮ ਦੇ ਕੰਮ ਦੀ ਸਿਖਲਾਈ ਲੈ ਰਹੇ ਹਨ।
- Work placement ਦੀ ਵਰਤੋਂ ਅਧਿਆਪਕਾਂ ਵੱਲੋਂ ਉਦਯੋਗਿਕ ਮਿਆਰ ਅਨੁਸਾਰ ਵਿਦਿਆਰਥੀਆਂ ਦੀ ਯੋਗਤਾ ਦੀ ਪ੍ਰਾਪਤੀ ਦਾ ਸਬੂਤ ਇਕੱਠਾ ਕਰਨ ਲਈ ਕੀਤੀ ਜਾਂਦੀ ਹੈ। ਇਹ ਵਾਜਬ ਢੰਗ ਨਾਲ ਯੋਗ ਵਰਕਪਲੇਸ ਮੁਲੰਕਣ-ਕਰਤਾ ਦੇ ਨਾਲ ਮਿਲ ਕੇ ਹੋ ਸਕਦਾ ਹੈ।
- ਵਿਦਿਆਰਥੀਆਂ ਦੀ ਯੋਗਤਾ ਉਨ੍ਹਾਂ ਨੂੰ ਵਿਸ਼ਿਸ਼ਟ-ਉਦਯੋਗਿਕ VET ਯੋਗਤਾ ਵੱਲ ਲੈ ਜਾਂਦੀ ਹੈ ਜਿਸ ਨੂੰ ਕਿ ਸਮੁੱਚੇ ਆਸਟਰੇਲੀਆ ਦੇਸ਼ ਵਿੱਚ ਮਾਨਤਾ ਹਾਸਲ ਹੈ।

### ਕੀ ਇੱਥੇ ਕੰਮ ਵਾਲੇ ਸਥਾਨ ਉਤੇ ਕੋਈ ਹੋਰ ਵੀ ਸਿਖਲਾਈ ਪ੍ਰੋਗਰਾਮ ਹਨ ?

- ਜੀ ਹਾਂ। ਇਨ੍ਹਾਂ ਵਿੱਚ ਉਦਮ ਸਿੱਖਿਆ ਪ੍ਰੋਗਰਾਮ, ਭਾਈਚਾਰੇ ਵਿੱਚ ਸਿਖਲਾਈ ਅਤੇ ਕੰਮ ਵਾਲੇ ਸਥਾਨ ਉਤੇ ਮਾਲਕਾਂ (ਇੰਪਲਾਇਰਜ਼) ਵਲੋਂ ਕਰਵਾਏ ਜਾਣ ਵਾਲੇ ਵਿਦਿਆਰਥੀ ਨੂੰ ਸਲਾਹ ਦੇਣ ਨਾਲ ਸਬੰਧਤ ਪ੍ਰੋਗਰਾਮ ਸ਼ਾਮਲ ਹਨ।

ਜੇ ਤੁਹਾਨੂੰ ਇਸ ਦਸਤਾਵੇਜ਼ ਨੂੰ ਸਮਝਣ ਵਿੱਚ ਕੋਈ ਮੁਸ਼ਕਿਲ ਹੈ ਜਾਂ ਤੁਹਾਨੂੰ ਹੋਰ ਕੋਈ ਜਾਣਕਾਰੀ ਲੋੜੀਂਦੀ ਹੈ ਤਾਂ ਕ੍ਰਿਪਾ ਕਰਕੇ 131 450, ਉਤੇ ਟੈਲੀਫ਼ੋਨ ਇੰਟਰਪਰੇਟਰ ਸੇਵਾ ਨੂੰ ਫ਼ੋਨ ਕਰੋ ਅਤੇ ਆਪਣੀ ਭਾਸ਼ਾ ਵਿੱਚ ਗੱਲਬਾਤ ਕਰਨ ਲਈ ਇੱਕ ਦੁਭਾਸ਼ੀਏ ਬਾਰੇ ਪੁੱਛੋ ਅਤੇ ਉਨ੍ਹਾਂ ਨੂੰ ਸਕੂਲ ਜਾਂ ਜਿੱਥੇ TAFE NSW ਸੰਸਥਾਨ ਹੋਵੇ P/C RTO ਨੂੰ ਤੁਹਾਡੇ ਲਈ ਫ਼ੋਨ ਕਰਨ ਲਈ ਕਹੋ। ਇਹ ਸੇਵਾ ਤੁਹਾਡੇ ਲਈ ਮੁਫ਼ਤ ਹੋਵੇਗੀ।

## ਭਾਗ 2
## ਕੰਮ ਵਾਲੇ ਸਥਾਨ ਉਤੇ ਸਿਖਲਾਈ ਕੰਮ ਕਿਵੇਂ ਕਰਦੀ ਹੈ

- ਕੰਮ ਵਾਲੇ ਸਥਾਨ ਉਤੇ ਸਿਖਲਾਈ ਪ੍ਰੋਗਰਾਮ; ਸਕੂਲ, ਅਤੇ ਜਿੱਥੇ ਵੀ ਕਿਤੇ ਵਾਜਬ ਹੋਵੇ TAFE NSW ਵੱਲੋਂ ਜਾਂ ਠੇਕੇ ਉਤੇ P/C RTO ਵੱਲੋਂ ਸੰਗਠਤ ਅਤੇ ਪ੍ਰਵਾਨਿਤ ਕੀਤਾ ਜਾਂਦਾ ਹੈ।

- ਜ਼ਿਆਦਾਤਰ ਵਿਦਿਆਰਥੀਆਂ ਨੂੰ ਹਾਈ ਸਕੂਲ ਦੌਰਾਨ ਕਿਸੇ ਪੜਾਅ ਉਤੇ ਕੰਮ ਵਾਲੇ ਸਥਾਨ ਉਤੇ ਸਿਖਲਾਈ ਵਿੱਚ ਸ਼ਿਰਕਤ ਕਰਨ ਦਾ ਮੌਕਾ ਦਿੱਤਾ ਜਾਵੇਗਾ।
- ਵਿਦਿਆਰਥੀਆਂ ਲਈ ਉਨ੍ਹਾਂ ਦੇ ਕੋਰਸ ਦੇ ਕੰਮ, ਕੈਰੀਅਰ ਦੀ ਯੋਜਨਾ ਜਾਂ ਹੋਰ ਸਿਖਲਾਈ ਦੇ ਆਧਾਰ ਉਤੇ ਪਲੇਸਮੈਂਟ ਦੀ ਵਿਵਸਥਾ ਕੀਤੀ ਜਾਂਦੀ ਹੈ।
- ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੀ ਪਲੇਸਮੈਂਟ ਤੋਂ ਪਹਿਲਾਂ ਉਨ੍ਹਾਂ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਕਰਕੇ ਰੱਖਿਆ ਜਾਂਦਾ ਹੈ ਤਾਂ ਜੋ ਵਿਦਿਆਰਥੀ ਤਜਰਬੇ ਲਈ ਪੂਰੀ ਤਰ੍ਹਾਂ ਤਿਆਰ ਹੋ ਜਾਣ।
- ਵਿਦਿਆਰਥੀਆਂ ਦੀ ਨਿਗਰਾਨੀ, ਕੰਮ ਵਾਲੇ ਸਥਾਨ ਉਤੇ ਮੇਜ਼ਬਾਨ ਮਾਲਕ ਜਾਂ ਕੰਮ ਵਾਲੇ ਸਥਾਨ ਉਤੇ ਨਾਮਜ਼ਦ ਸੁਪਰਵਾਈਜ਼ਰ ਵਲੋਂ ਕੀਤੀ ਜਾਂਦੀ ਹੈ। ਉਨ੍ਹਾਂ ਦਾ ਕੰਮ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਵਿਦਿਆਰਥੀ ਕੋਲ ਉਨ੍ਹਾਂ ਨੂੰ ਚੁਸਤ ਅਤੇ ਉਨ੍ਹਾਂ ਨੂੰ ਚੁਣੌਤੀ ਦੇਣ ਵਾਲੀਆਂ ਢੁਕਵੀਆਂ ਗਤੀਵਿਧੀਆਂ ਹਨ।
- ਤੁਹਾਡਾ ਸਕੂਲ, TAFE NSW ਸੰਸਥਾਨ ਜਾਂ P/C RTO ਦੀ ਵੀ ਕੰਮ ਵਾਲੇ ਸਥਾਨ ਉਤੇ ਵਿਦਿਆਰਥੀਆਂ ਦਾ ਧਿਆਨ ਰੱਖਣ ਦੀ ਡਿਊਟੀ ਹੁੰਦੀ ਹੈ। ਇੱਕ ਅਧਿਆਪਕ ਮੇਜ਼ਬਾਨ ਮਾਲਕ ਕੋਲ ਜਾਂ ਕੰਮ ਵਾਲੀ ਥਾਂ ਉਤੇ ਵਿਦਿਆਰਥੀ ਦੀ ਪ੍ਰਗਤੀ ਦੀ ਜਾਣਕਾਰੀ ਲੈਣ ਅਤੇ ਉਸਦੀ ਭਲਾਈ ਲਈ ਇੱਕ ਨਿਗਰਾਨੀ ਦੌਰਾ ਕਰੇਗਾ ਜਾਂ ਫ਼ੋਨ ਕਾਲ ਕਰੇਗਾ। ਪਲੇਸਮੈਂਟ ਮਗਰੋਂ ਵਿਦਿਆਰਥੀਆਂ ਦਾ ਹਾਲ-ਚਾਲ ਜ਼ਰੂਰ ਪੁੱਛਣਾ ਚਾਹੀਦਾ ਹੈ।

## ਵਿਦਿਆਰਥੀ ਕੋਈ ਸਥਾਨ ਕਿਵੇਂ ਹਾਸਲ ਕਰਦੇ ਹਨ ?

ਇਹ ਕੁੱਝ ਢੰਗ ਹਨ ਜਿਨ੍ਹਾਂ ਰਾਹੀਂ ਵਿਦਿਆਰਥੀਆਂ ਨੂੰ ਸਥਾਨਾਂ ਨਾਲ ਜੋੜਿਆ ਜਾਂਦਾ ਹੈ।

- ਸਕੂਲ, ਜਾਂ ਜਿੱਥੇ ਵਾਜਬ ਹੋਵੇ TAFE NSW ਸੰਸਥਾਨ ਜਾਂ P/C RTO ਕੰਮ ਵਾਲੇ ਸਥਾਨ ਦੀਆਂ ਪੁਜ਼ੀਸ਼ਨਾਂ ਹਾਸਲ ਕਰਦਾ ਹੈ ਅਤੇ ਤਦ ਉਨ੍ਹਾਂ ਨੂੰ ਮਾਲਕਾਂ ਦੀ ਜ਼ਰੂਰਤਾਂ ਅਤੇ ਵਿਦਿਆਰਥੀਆਂ ਦੇ ਹਿਤਾਂ, ਜ਼ਰੂਰਤਾਂ ਅਤੇ ਕੈਰੀਅਰ ਯੋਜਨਾਵਾਂ ਅਨੁਸਾਰ ਉਨ੍ਹਾਂ ਨੂੰ ਵੰਡ ਦਿੰਦਾ ਹੈ।
- ਲਾਜ਼ਮੀ HSC VET **work placements** ਸਥਾਨਕ ਭਾਈਚਾਰਕ ਭਾਈਵਾਲੀਆਂ (Local Community Partnerships ਜਾਂ LCPs) ਜੋ ਇਨ੍ਹਾਂ ਪਲੇਸਮੈਂਟ ਵਾਸਤੇ ਤਾਲਮੇਲ ਕਾਇਮ ਕਰਨ ਲਈ ਸਥਾਪਤ ਕੀਤੀਆਂ ਜਾਂਦੀਆਂ ਹਨ, ਰਾਹੀਂ ਹਾਸਲ ਕੀਤੀਆਂ ਜਾਂਦੀਆਂ ਹਨ। LCP ਵਲੋਂ ਪੇਸ਼ਕਸ਼ ਕੀਤੀਆਂ ਗਈਆਂ ਕੁਆਲਿਟੀ ਪਲੇਸਮੈਂਟਸ ਨਾਲ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਮਿਲਾਉਂਦਾ ਹੈ।
- ਵਿਦਿਆਰਥੀ ਆਪਣੇ ਸਕੂਲ ਅਤੇ ਆਪਣੇ ਮਾਪਿਆਂ ਜਾਂ ਸਰਪ੍ਰਸਤਾਂ ਦੀ ਸਹਾਇਤਾ ਨਾਲ ਆਪਣੇ **work experience** ਦੀਆਂ ਸਥਿਤੀਆਂ ਨਿਰਧਾਰਤ ਕਰਦੇ ਹਨ ਅਤੇ ਇਨ੍ਹਾਂ ਨੂੰ ਸਕੂਲ ਜਾਂ ਜਿਥੇ ਵੀ ਵਾਜਬ ਹੋਵੇ TAFE NSW ਸੰਸਥਾਨ ਵੱਲੋਂ ਮਨਜ਼ੂਰੀ ਲਈ ਜਮ੍ਹਾਂ ਕਰਵਾਉਂਦੇ ਹਨ। ਜਿੱਥੇ ਵਿਦਿਆਰਥੀ ਦੀਆਂ ਆਪਣੀਆਂ ਸਥਿਤੀਆਂ ਮੇਜ਼ਬਾਨ ਮਾਲਕਾਂ ਨਾਲ ਹੋਣ, ਉੱਥੇ ਸਕੂਲ ਜਾਂ TAFE NSW ਸੰਸਥਾਨ ਉਨ੍ਹਾਂ ਨੂੰ ਮਾਲਕ ਲਈ ਦਿਸ਼ਾ-ਨਿਰਦੇਸ਼ ਅਤੇ ਮੁਢਲੀ ਜਾਣ-ਪਛਾਣ ਦੇ ਪੱਤਰ ਮੁਹੱਈਆ ਕਰਵਾਉਣਗੇ।

## ਵਿਦਿਆਰਥੀ ਕਿਸ ਉਮਰ ਵਿਚ ਇਸ 'ਚ ਸ਼ਿਰਕਤ ਕਰ ਸਕਦੇ ਹਨ?

ਸਾਲਾਂ ਵਾਲੇ ਤੇ ਵੱਧ ਉਮਰ ਦੇ ਵਿਦਿਆਰਥੀ ਇਸ ਵਿੱਚ ਸ਼ਿਰਕਤ ਕਰ ਸਕਦੇ ਹਨ। ਜੇ ਵਿਦਿਆਰਥੀ ੧੫ ਸਾਲਾਂ ਤੋਂ ਘੱਟ ਉਮਰ ਦੇ ਹਨ ਤਾਂ ਉਨ੍ਹਾਂ ਦੇ ਸ਼ਿਰਕਤ ਕਰਨ ਦੇ ਸਮਿਆਂ 'ਤੇ ਪਾਬੰਦੀਆਂ ਵੀ ਹੁੰਦੀਆਂ ਹਨ।

## ਵਿਦਿਆਰਥੀ ਕੰਮ ਵਾਲੇ ਸਥਾਨ ਉਤੇ ਸਿਖਲਾਈ ਕਦੋਂ ਲੈਂਦੇ ਹਨ ?

- ਸਕੂਲ, TAFE NSW ਸੰਸਥਾਨ ਜਾਂ P/C RTO ਇਹ ਫ਼ੈਸਲਾ ਕਰਦੇ ਹਨ ਕਿ ਸਾਲ ਦੌਰਾਨ ਕੰਮ ਵਾਲੇ ਸਥਾਨ ਉਤੇ ਸਿੱਖਣ ਦੀਆਂ ਗਤੀਵਿਧੀਆਂ ਕਦੋਂ ਕਰਵਾਈਆਂ ਜਾਣਗੀਆਂ ਅਤੇ ਇਨ੍ਹਾਂ ਗਤੀਵਿਧੀਆਂ ਵਿੱਚ ਕਿਹੜੇ ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਜਾਵੇਗਾ, ਅਜਿਹਾ ਆਮ ਤੌਰ ਉਤੇ ਉਨ੍ਹਾਂ ਦੇ ਸਮਾਜ ਜਾਂ ਉਨ੍ਹਾਂ ਦੇ ਸਬੰਧਤ ਭਾਈਚਾਰੇ ਨਾਲ ਸਲਾਹ ਕਰਕੇ ਹੀ ਕੀਤਾ ਜਾਂਦਾ ਹੈ। ਤੁਹਾਨੂੰ, ਮਾਪਿਆਂ ਜਾਂ ਸਰਪ੍ਰਸਤਾਂ ਨੂੰ ਉਹ ਹਰੇਕ ਪ੍ਰੋਗਰਾਮ ਦੇ ਵੇਰਵੇ ਦੇਣਗੇ।
- ਵਿਦਿਆਰਥੀਆਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਪ੍ਰੋਗਰਾਮ ਦੇ ਹਰੇਕ ਦਿਨ ਕੰਮ ਵਾਲੇ ਸਥਾਨ ਉਤੇ ਪਹੁੰਚਣ।
- ਕਿਉਂਕਿ ਕੰਮ ਵਾਲੇ ਸਥਾਨ ਉਤੇ ਸਿਖਲਾਈ (workplace learning) ਪਾਠਕ੍ਰਮ ਦਾ ਹਿੱਸਾ ਹੈ, ਇਸ ਲਈ ਇਹ ਪ੍ਰੋਗਰਾਮ ਸਕੂਲ ਜਾਂ TAFE NSW ਦੀ ਮਿਆਦ ਦੌਰਾਨ ਹੀ ਹੁੰਦੇ ਹਨ।
- 9 ਅਤੇ 10 ਸਾਲ ਦੇ ਵਿਦਿਆਰਥੀਆਂ ਲਈ ਕੰਮ ਵਾਲੇ ਸਥਾਨ ਉਤੇ ਸਿਖਲਾਈ ਨਾਲ ਸਬੰਧਤ ਪ੍ਰੋਗਰਾਮ ਸਿਰਫ਼ ਮਿਆਦੀ ਸਮੇਂ ਦੌਰਾਨ ਹੀ ਹੋ ਸਕਦੇ ਹਨ।
- 15 ਸਾਲਾਂ ਤੋਂ ਘੱਟ ਉਮਰ ਵਾਲੇ ਵਿਦਿਆਰਥੀ ਸਵੇਰੇ 7 ਵਜੇ ਤੋਂ ਪਹਿਲਾਂ ਜਾਂ ਸ਼ਾਮੀਂ 6 ਵਜੇ ਤੋਂ ਬਾਅਦ ਕੰਮ ਨਹੀਂ ਕਰ ਸਕਦੇ।
- ਕਿਸੇ ਖ਼ਾਸ ਹਾਲਾਤ ਵਿੱਚ, ਪ੍ਰਿੰਸੀਪਲ (Principal) 11 ਅਤੇ 12 ਸਾਲਾਂ ਦੇ ਵਿਦਿਆਰਥੀਆਂ ਨੂੰ ਸਕੂਲ ਦੀਆਂ ਛੁੱਟੀਆਂ ਦੌਰਾਨ ਕੰਮ ਵਾਲੇ ਸਥਾਨ ਉਤੇ ਸਿਖਲਾਈ ਦੀ ਇਜਾਜ਼ਤ ਦੇ ਸਕਦਾ ਹੈ। ਇਸ ਵਿੱਚ ਕ੍ਰਿਸਮਸ ਦੀਆਂ ਛੁੱਟੀਆਂ ਸ਼ਾਮਲ ਨਹੀਂ ਹਨ।
- ਕੰਮ ਵਾਲੇ ਸਥਾਨ ਉਤੇ ਸਿਖਲਾਈ ਨੂੰ ਵੀਕਐਂਡ (ਸਨਿੱਚਰਵਾਰ-ਐਤਵਾਰ) ਤੱਕ ਪ੍ਰਿੰਸੀਪਲ ਦੀ ਖ਼ਾਸ ਮਨਜ਼ੂਰੀ ਨਾਲ ਵਧਾਇਆ ਜਾ ਸਕਦਾ ਹੈ, ਪਰ ਸਿਰਫ਼ ਉਸੇ ਹਾਲਤ ਵਿੱਚ ਜੇ ਵੀਕਐਂਡ ਸਮੇਂ ਕੰਮ ਉਸ ਉਦਯੋਗ ਦੀ ਜ਼ਰੂਰੀ ਲੋੜ ਜਾਂ ਸ਼ਰਤ ਹੋਵੇ।

## ਵਿਦਿਆਰਥੀਆਂ ਨੂੰ ਕਿੰਨਾ ਕੁ ਸਫ਼ਰ ਕਰਨਾ ਹੋਵੇਗਾ ?

- ਜ਼ਿਆਦਾਤਰ ਪਲੇਸਮੈਂਟਸ ਘਰ ਤੋਂ ਇੰਨੀ ਕੁ ਦੂਰੀ 'ਤੇ ਹੋਣਗੀਆਂ, ਜਿੱਥੋਂ ਵਿਦਿਆਰਥੀ ਆਸਾਨੀ ਨਾਲ ਆ-ਜਾ ਸਕਣ।
- ਵਿਦਿਆਰਥੀਆਂ ਨੂੰ ਪਲੇਸਮੈਂਟ ਲਈ ਘਰ ਤੋਂ ਦੂਰ ਕਿਸੇ ਸਥਾਨ ਉਤੇ ਜਾਣ ਦੀ ਖ਼ਾਸ ਮਨਜ਼ੂਰੀ ਦਿੱਤੀ ਜਾ ਸਕਦੀ ਹੈ। ਇਹ ਖ਼ਾਸ ਮਨਜ਼ੂਰੀ ਅਜਿਹਾ ਸਬੂਤ ਪੇਸ਼ ਕਰਨ ਉਤੇ ਨਿਰਭਰ ਕਰਦੀ ਹੈ ਕਿ ਵਿਦਿਆਰਥੀ ਲਈ ਉਸਦਾ ਵਿਦਿਅਕ ਮਹੱਤਵ ਬਹੁਤ ਜ਼ਿਆਦਾ ਹੈ। ਇਹ ਕੰਮ ਵਾਲੇ ਸਥਾਨ ਉਤੇ ਨਿਗਾਰਨੀ, ਟਰਾਂਸਪੋਰਟ, ਰਹਿਣ ਦੇ ਸਥਾਨ ਅਤੇ ਸਾਰੀ ਰਾਤ ਦੀ ਨਿਗਰਾਨੀ ਦੇ ਸੰਤੋਖਜਨਕ ਪ੍ਰਬੰਧਾਂ ਉਤੇ ਵੀ ਨਿਰਭਰ ਕਰਦਾ ਹੈ।
- ਇਹ ਬਹੁਤ ਹੀ ਘੱਟ ਮੌਕਾ ਹੋਵੇਗਾ ਕਿ ਅੰਤਰ-ਰਾਜੀ (ਰਾਜ ਤੋਂ ਬਾਹਰ) ਪਲੇਸਮੈਂਟ ਦੀ ਇਜਾਜ਼ਤ ਦਿੱਤੀ ਜਾਵੇ, ਅਜਿਹਾ ਸਿਰਫ਼ ਤਦ ਹੀ ਕੀਤਾ ਜਾ ਸਕੇਗਾ ਜੇ ਸਕੂਲ ਕਿਸੇ ਅੰਤਰ-ਰਾਜੀ ਸਰਹੱਦ ਦੇ ਨੇੜੇ ਹੋਵੇ ਅਤੇ ਜਾਂ ਫਿਰ ਕੋਈ ਖ਼ਾਸ ਉਦਯੋਗ ਹੀ NSW ਵਿੱਚ ਨਹੀਂ। ਜੇ ਤੁਸੀਂ ਕਿਸੇ ਅੰਤਰ-ਰਾਜੀ ਪਲੇਸਮੈਂਟ ਬਾਰੇ ਸੋਚ ਰਹੇ ਹੋ ਤਾਂ ਤੁਹਾਨੂੰ ਸਭ ਤੋਂ ਪਹਿਲਾਂ ਸਕੂਲ ਜਾਂ ਵਾਜਬ TAFE NSW ਸੰਸਥਾਨ ਨਾਲ ਸੰਪਰਕ ਕਰਨਾ ਹੋਵੇਗਾ।

## ਸਫ਼ਰ ਦੇ ਪ੍ਰਬੰਧਾਂ ਬਾਰੇ ਕੀ ਵੇਰਵਾ ਹੈ ?

- ਮਾਪਿਆਂ ਅਤੇ ਸਰਪ੍ਰਸਤਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਫ਼ਰ ਨਾਲ ਸਬੰਧਤ ਸਾਰੇ ਪ੍ਰਬੰਧਾਂ ਦੀ ਯੋਜਨਾ ਧਿਆਨ ਨਾਲ ਉਲੀਕ ਲੈਣ। ਸਕੂਲ, TAFE NSW ਸੰਸਥਾਨ ਜਾਂ P/C RTO ਨੂੰ ਵੀ ਸਫ਼ਰ ਬਾਰੇ ਯੋਜਨਾਬੰਦੀ ਵਿੱਚ ਵਿਦਿਆਰਥੀਆਂ ਦੀ ਮਦਦ ਜ਼ਰੂਰ ਕਰਨੀ ਚਾਹੀਦੀ ਹੈ।
- ਜਨਤਕ ਟਰਾਂਸਪੋਰਟ ਨਾਲ ਸਬੰਧਤ ਟਾਈਮਟੇਬਲ ਅਤੇ ਹੋਰ ਲੋੜੀਂਦੀ ਜਾਣਕਾਰੀ ਲਈ **Transport InfoLine** ਨੂੰ 131 500 ਉਤੇ ਟੈਲੀਫ਼ੋਨ ਕਰੋ ਜਾਂ ਵੈਬਸਾਈਟ **www.131500.com** ਨੂੰ ਚੈਕ ਕਰੋ।
- ਮਾਪੇ ਜਾਂ ਸਰਪ੍ਰਸਤ ਹੋਣ ਦੇ ਨਾਤੇ ਤੁਸੀਂ ਇਸ ਗੱਲ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੋਣੇ ਚਾਹੀਦੇ ਹੋ ਕਿ ਤੁਹਾਡਾ ਬੱਚਾ ਸਫ਼ਰ ਦੇ ਸਾਰੇ ਪ੍ਰਬੰਧਾਂ ਨਾਲ ਭਲੀ-ਭਾਂਤ ਨਜਿੱਠ ਸਕਦਾ ਹੈ। ਜੇ ਤੁਹਾਨੂੰ ਕਿਸੇ ਕਿਸਮ ਦੀ ਚਿੰਤਾ ਹੈ ਤਾਂ ਇਸ ਸਬੰਧੀ ਸਿੱਧੇ ਪ੍ਰੋਗਰਾਮ ਦੇ ਪ੍ਰਬੰਧਕ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ।

- ਸਫ਼ਰ ਦਾ ਸਾਰਾ ਖ਼ਰਚਾ ਵਿਦਿਆਰਥੀ ਖ਼ੁਦ ਕਰੇਗਾ। ਤੁਹਾਡੇ ਤੋਂ ਆਸ ਕੀਤੀ ਜਾਂਦੀ ਹੈ ਕਿ ਕੰਮ ਵਾਲੇ ਸਥਾਨ ਉਤੇ ਸਿਖਲਾਈ ਪ੍ਰੋਗਰਾਮ ਦੇ ਸਮੇਂ ਦੌਰਾਨ ਤੁਸੀਂ ਆਪਣੇ ਬੱਚੇ ਦੇ ਸਫ਼ਰ ਦਾ ਸਾਰਾ ਖ਼ਰਚਾ ਚੁੱਕੋ।
- ਜਨਤਕ ਰੇਲਾਂ, ਬੱਸਾਂ ਅਤੇ ਕਿਸ਼ਤੀਆਂ ਉਤੇ ਸਫ਼ਰ ਲਈ ਕਿਰਾਏ ਵਿੱਚ ਛੋਟ ਉਪਲਬਧ ਹੈ। ਇਹ ਛੋਟ ਪ੍ਰਾਈਵੇਟ ਬੱਸਾਂ ਉਤੇ ਵੀ ਉਪਲਬਧ ਹੋ ਸਕਦੀ ਹੈ।
- ਜੇ ਲੋੜ ਹੋਵੇ ਤਾਂ ਤੁਹਾਡਾ ਸਕੂਲ, ਵਿਦਿਆਰਥੀਆਂ ਨੂੰ ਉਨ੍ਹਾਂ ਦੀ ਬੇਨਤੀ ਉਤੇ ਉਮਰ ਦੇ ਪ੍ਰਮਾਣ ਜਾਂ ਸ਼ਨਾਖ਼ਤੀ ਕਾਰਡ ਦੀ ਵਿਵਸਥਾ ਕੀਤੀ ਜਾ ਸਕਦੀ ਹੈ।

## ਕਿਸ ਪ੍ਰਕਾਰ ਦੀਆਂ ਮਨਜ਼ੂਰੀਆਂ ਲੈਣੀਆਂ ਜ਼ਰੂਰੀ ਹਨ ?

- ਸਕੂਲ, ਜਾਂ ਜਿੱਥੇ ਵਾਜਬ ਹੋਵੇ TAFE NSW ਸੰਸਥਾਨ ਜਾਂ P/C RTO ਹਰੇਕ ਕੰਮ ਵਾਲੇ ਸਥਾਨ ਉਤੇ ਸਿਖਲਾਈ ਦੀ ਪ੍ਰਸਤਾਵਿਤ ਗਤੀਵਿਧੀ ਤੋਂ ਪਹਿਲਾਂ ਵਿਦਿਆਰਥੀ ਨੂੰ ਸ਼ਾਮਲ ਕਰਨ ਤੋਂ ਪਹਿਲਾਂ ਤੁਹਾਡੀ ਇਜਾਜ਼ਤ ਲੈਣਗੇ।
- ਕੰਮ ਵਾਲੇ ਸਥਾਨ ਦੀ ਹਰੇਕ ਗਤੀਵਿਧੀ ਜ਼ਰੂਰ ਹੀ ਵਿਦਿਆਰਥੀ ਦੇ ਪਲੇਸਮੈਂਟ ਰਿਕਾਰਡ (Student Placement Record) ਉਤੇ ਦਰਜ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਵਿਦਿਆਰਥੀ ਨੂੰ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ।
- ਸਕੂਲ, ਜਾਂ ਜਿੱਥੇ ਵਾਜਬ ਹੋਵੇ TAFE NSW ਸੰਸਥਾਨ ਜਾਂ P/C RTO ਵੱਲੋਂ ਅੰਤਿਮ ਮਨਜ਼ੂਰੀ ਦੇਣ ਤੋਂ ਪਹਿਲਾਂ ਵਿਦਿਆਰਥੀ ਦੇ ਪਲੇਸਮੈਂਟ ਰਿਕਾਰਡ ਉਤੇ ਵਿਦਿਆਰਥੀ, ਮੇਜ਼ਬਾਨ ਮਾਲਕ (ਇੰਪਲਾਇਰ) ਅਤੇ ਤੁਹਾਡੇ ਵੱਲੋਂ ਜ਼ਰੂਰ ਹੀ ਹਸਤਾਖਰ ਕੀਤੇ ਜਾਣੇ ਚਾਹੀਦੇ ਹਨ। ਇੱਕ ਵਾਰ ਪਲੇਸਮੈਂਟ ਦੀ ਮਨਜ਼ੂਰੀ ਮਿਲਣ ਮਗਰੋਂ ਤੁਹਾਨੂੰ ਵਿਦਿਆਰਥੀ ਦੇ ਮੁਕੰਮਲ ਰਿਕਾਰਡ ਦੀ ਇੱਕ ਕਾਪੀ ਪ੍ਰਦਾਨ ਕੀਤੀ ਜਾਵੇਗੀ। ਕ੍ਰਿਪਾ ਕਰਕੇ ਇਸ ਨੂੰ ਆਸਾਨ ਹਵਾਲੇ ਲਈ ਸੰਭਾਲ ਕੇ ਰੱਖਿਆ ਜਾ ਸਕਦਾ ਹੈ।
- ਕੁੱਝ ਹਾਲਾਤ ਵਿੱਚ ਤੁਹਾਡੇ ਵੱਲੋਂ ਤਰਜੀਹ ਪ੍ਰਾਪਤ ਮਾਲਕ ਜਾਂ ਤੁਹਾਡੇ ਬੇਟੇ ਜਾਂ ਧੀ ਦੇ ਕੰਮ ਵਾਲੇ ਸਥਾਨ ਦੀ ਗਤੀਵਿਧੀ ਲਈ ਤੁਹਾਡੇ ਵੱਲੋਂ ਬੇਨਤੀ ਕੀਤੇ ਗਏ ਸਮੇਂ ਦੀ ਮਨਜ਼ੂਰੀ ਨਹੀਂ ਦਿੱਤੀ ਜਾ ਸਕਦੀ। ਤੁਹਾਨੂੰ ਇਸ ਸਬੰਧੀ ਸਕੂਲ ਜਾਂ TAFE NSW ਸੰਸਥਾਨ ਨਾਲ ਵਿਚਾਰ ਵਟਾਂਦਰਾ ਕਰਨ ਦੀ ਜ਼ਰੂਰਤ ਹੋਵੇਗੀ।
- ਸਕੂਲ, TAFE NSW ਸੰਸਥਾਨ ਜਾਂ P/C RTO ਇਸ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੋਣੇ ਚਾਹੀਦੇ ਹਨ ਕਿ ਪਲੇਸਮੈਂਟ ਦੀ ਪੇਸ਼ਕਸ਼, ਵਿਦਿਆਰਥੀ ਲਈ ਇੱਕ ਸੁਰੱਖਿਅਤ ਅਤੇ ਵਾਜਬ ਤਜਰਬਾ ਹੋਵੇਗਾ ਅਤੇ ਉਨ੍ਹਾਂ ਦੀ ਸੰਭਾਲ ਦੀ ਡਿਊਟੀ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।
- ਮੇਜ਼ਬਾਨ ਮਾਲਕ ਨੂੰ ਜ਼ਰੂਰ ਹੀ ਵਿਦਿਆਰਥੀ ਦੇ ਪਲੇਸਮੈਂਟ ਰਿਕਾਰਡ ਉਤੇ ਇਹ ਦਰਸਾਉਣਾ ਹੋਵੇਗਾ ਕਿ ਪਲੇਸਮੈਂਟ ਦੌਰਾਨ ਵਿਦਿਆਰਥੀ ਨੂੰ ਕਿਵੇਂ ਸੁਰੱਖਿਅਤ ਰੱਖਿਆ ਜਾਵੇਗਾ।
- HSC VET ਕੋਰਸਾਂ ਅਤੇ ਨਿਰਮਾਣ ਉਦਯੋਗ ਵਿੱਚ ਕਿਸੇ ਕੰਮ ਵਾਲੇ ਸਥਾਨ ਉਤੇ ਸਿਖਲਾਈ ਲਈ ਪਲੇਸਮੈਂਟ ਵਾਸਤੇ ਮਨਜ਼ੂਰੀ ਦੀ ਸ਼ਰਤ ਵਜੋਂ, ਵਿਦਿਆਰਥੀਆਂ ਨੂੰ ਪਲੇਸਮੈਂਟ ਉਤੇ ਜਾਣ ਤੋਂ ਪਹਿਲਾਂ ਵਿਸ਼ੇਸ਼ ਕਿੱਤਾ-ਮੁਖੀ ਸਿਹਤ ਅਤੇ ਸੁਰੱਖਿਆ ਸਿਖਲਾਈ (occupational health and safety training) ਮੁਕੰਮਲ ਕਰਨੀ ਹੋਵੇਗੀ। ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਸਕੂਲ, ਜਾਂ ਜਿੱਥੇ ਵਾਜਬ ਹੋਵੇ TAFE NSW ਸੰਸਥਾਨ ਜਾਂ P/C RTO ਨਾਲ ਸੰਪਰਕ ਕਰੋ।

## ਕੀ ਮੇਰੇ ਬੱਚੇ ਨੂੰ ਭੁਗਤਾਨ ਮਿਲਦਾ ਹੈ ?

- ਜੀ ਨਹੀਂ। ਵਿਦਿਆਰਥੀਆਂ ਨੂੰ 'ਸਵੈ-ਸੇਵੀ ਕਾਮਿਆਂ' ਵਜੋਂ ਵਰਗੀਕ੍ਰਿਤ ਕੀਤਾ ਜਾਂਦਾ ਹੈ ਅਤੇ ਇਸੇ ਲਈ ਉਨ੍ਹਾਂ ਨੂੰ ਭੁਗਤਾਨ ਨਹੀਂ ਕੀਤਾ ਜਾਵੇਗਾ। ਵਿਸ਼ੇਸ਼ ਉਦਯੋਗ, ਐਨ ਐਸ ਡਬਲਿਯੂ ਦੇ ਸਾਲਾਨਾ ਛੁੱਟੀਆਂ ਬਾਰੇ ਕਾਨੂੰਨ (NSW Annual Holidays Act) ਜਾਂ ਕਾਮਿਆਂ ਦੇ ਮੁਆਵਜ਼ੇ ਸਬੰਧੀ ਕਾਨੂੰਨ (Workers' Compensation Act) ਆਧਾਰ ਉਤੇ ਮੇਜ਼ਬਾਨ ਮਾਲਕਾਂ ਵੱਲੋਂ ਵਿਦਿਆਰਥੀਆਂ ਨੂੰ ਸੰਘੀ ਜਾਂ ਸਟੇਟ ਐਵਾਰਡ ਅਧੀਨ ਕਿਸੇ ਕਿਸਮ ਦਾ ਭੁਗਤਾਨ ਕਰਨ ਦੀ ਜ਼ਰੂਰਤ ਨਹੀਂ ਹੈ।
- The Department of Education and Training ਵਿਦਿਆਰਥੀਆਂ ਲਈ ਕੰਮ ਵਾਲੇ ਸਥਾਨ ਉਤੇ ਸਿਖਲਾਈ ਪ੍ਰੋਗਰਾਮਾਂ ਵਾਸਤੇ ਬੀਮਾ ਕਵਰੇਜ ਮੁਹੱਈਆ ਕਰਵਾਉਂਦਾ ਹੈ। ਫਿਰ ਵੀ, ਬੀਮਾ ਕਵਰ ਕਿਸੇ ਅਜਿਹੇ ਵਿਦਿਆਰਥੀ ਲਈ **ਵੈਧ ਨਹੀਂ** ਹੋਵੇਗਾ ਜੋ ਕੰਮ ਵਾਲੇ ਸਥਾਨ ਉਤੇ ਸਿਖਲਾਈ ਪ੍ਰੋਗਰਾਮ ਲਈ ਭੁਗਤਾਨ ਲੈਂਦਾ ਹੈ।
- **ਇੱਕ** ਖ਼ਾਸ ਕੇਸ ਵਿੱਚ ਅਜਿਹਾ ਹੈ, ਉਹ ਇਹ ਕਿ ਜਿੱਥੇ ਤੁਹਾਡੇ ਪੁੱਤਰ ਜਾਂ ਧੀ ਕੋਲ ਪਾਰਟ-ਟਾਈਮ ਕੰਮ ਹੈ ਅਤੇ ਉਹ ਇਸ ਰੋਜ਼ਗਾਰ ਨੂੰ ਲਾਜ਼ਮੀ HSC VET ਕੰਮ ਪਲੇਸਮੈਂਟ ਦੀਆਂ ਜ਼ਰੂਰਤਾਂ ਲਈ ਵਰਤਦਾ ਹੈ।
  - ਇਸ ਵਿਵਸਥਾ ਲਈ ਮਾਲਕ ਨਾਲ ਸਮਝੌਤਾ ਕਰਨਾ ਹੋਵੇਗਾ ਅਤੇ ਸਕੂਲ, ਅਤੇ ਜਿਥੇ ਵਾਜਬ ਹੋਵੇ TAFE NSW ਸੰਸਥਾਨ ਤੋਂ ਵੀ ਜਾਂ P/C RTO ਤੋਂ ਮਨਜ਼ੂਰੀ ਲੈਣੀ ਹੋਵੇਗੀ।
  - ਇਸ ਮਾਮਲੇ ਵਿੱਚ, ਜਦੋਂ ਵਿਦਿਆਰਥੀ ਇੱਕ ਸਵੈ-ਸੇਵੀ ਕਾਮਾ ਨਹੀਂ, ਅਤੇ ਮਾਲਕ ਦੀਆਂ ਬੀਮਾ ਵਿਵਸਥਾਵਾਂ ਵਿਦਿਆਰਥੀ ਉਤੇ ਲਾਗੂ ਹੋਣ।

## ਲਾਇਸੈਂਸਾਂ ਅਤੇ ਪਰਮਿਟਾਂ ਬਾਰੇ ਕੀ ਵੇਰਵਾ ਹੈ ?

- ਵਿਦਿਆਰਥੀਆਂ ਨੂੰ ਤਦ ਤਕ ਅਜਿਹਾ ਕੋਈ ਕੰਮ ਨਹੀਂ ਕਰਨਾ ਚਾਹੀਦਾ, ਜਿਸ ਲਈ ਪਰਮਿਟ ਜਾਂ ਲਾਇਸੈਂਸ ਦੀ ਜ਼ਰੂਰਤ ਹੋਵੇ, ਜਦ ਤੱਕ ਕਿ ਉਨ੍ਹਾਂ ਕੋਲ ਵਾਜਬ ਤੇ ਵੈਧ ਪਰਮਿਟ ਜਾਂ ਲਾਇਸੈਂਸ ਪਹਿਲਾਂ ਹੀ ਨਾ ਹੋਵੇ ਅਤੇ ਗਤੀਵਿਧੀ ਪਲੇਸਮੈਂਟ ਦੀ ਸਿਖਲਾਈ ਦੇ ਨਤੀਜਿਆਂ ਨਾਲ ਸਿੱਧੇ ਤੌਰ ਉਤੇ ਸਬੰਧਤ ਹੋਵੇ।
- ਅਜਿਹੀ ਗਤੀਵਿਧੀ, ਜਿਸ ਲਈ ਪਰਮਿਟ ਜਾਂ ਲਾਇਸੈਂਸ ਲੋੜੀਂਦਾ ਹੋਵੇ, ਦੇ ਵੇਰਵੇ ਜ਼ਰੂਰ ਹੀ ਵਿਦਿਆਰਥੀ ਦੇ ਪਲੇਸਮੈਂਟ ਰਿਕਾਰਡ (Student Placement Record) ਵਿੱਚ ਜ਼ਰੂਰ ਹੀ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ ਅਤੇ ਪਲੇਸਮੈਂਟ ਕਰਨ ਤੋਂ ਪਹਿਲਾਂ ਸਾਰੀਆਂ ਧਿਰਾਂ (ਮਾਪਿਆਂ ਅਤੇ ਸਰਪ੍ਰਸਤਾਂ ਸਮੇਤ) ਵੱਲੋਂ ਇਸ ਦੀ ਮਨਜ਼ੂਰੀ ਲਈ ਜਾਣੀ ਚਾਹੀਦੀ ਹੈ।

# ਭਾਗ 3
# ਵਿਦਿਆਰਥੀਆਂ ਨੂੰ ਸੁਰੱਖਿਅਤ ਰੱਖਣਾ

- Department of Education and Training (ਵਿਭਾਗ) ਲਈ ਸਾਰੇ ਸਮੇਂ ਵਿਦਿਆਰਥੀਆਂ ਅਤੇ ਬੱਚਿਆਂ ਲਈ ਸੁਰੱਖਿਆ ਇੱਕ ਬੇਹੱਦ ਅਹਿਮ ਮੁੱਦਾ ਹੈ। ਇਸ ਵਿੱਚ ਉਹ ਸਮਾਂ ਸ਼ਾਮਲ ਹੈ ਜਦੋਂ ਵਿਦਿਆਰਥੀ ਕੰਮ ਵਾਲੇ ਸਥਾਨ ਉਤੇ ਸਿਖਲਾਈ ਪ੍ਰੋਗਰਾਮਾਂ ਵਿੱਚ ਸ਼ਿਰਕਤ ਕਰ ਰਹੇ ਹੁੰਦੇ ਹਨ।
- ਮਾਪਿਆਂ ਅਤੇ ਸਰਪ੍ਰਸਤਾਂ ਦੀ ਮੇਜ਼ਬਾਨ ਮਾਲਕ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਿਯਮਤ ਗੱਲਬਾਤ, ਕੰਮ ਵਾਲੇ ਸਥਾਨ ਉਤੇ ਸਾਰੇ ਸਿਖਲਾਈ ਪ੍ਰੋਗਰਾਮਾਂ ਦਾ ਇੱਕ ਜ਼ਰੂਰੀ ਪੱਖ ਹੈ।
- ਵਿਭਾਗ ਵੱਲੋਂ ਮਾਲਕਾਂ ਨੂੰ ਸਹਾਇਤਾ ਵਜੋਂ *ਕੰਮ ਵਾਲੀ ਥਾਂ ਉਤੇ ਸਿਖਲਾਈ ਲਈ ਮਾਲਕ ਨੂੰ ਦਿਸ਼ਾ-ਨਿਰਦੇਸ਼ (An Employer's Guide to Workplace Learning)* ਮੁਹੱਈਆ ਕਰਵਾਏ ਜਾਂਦੇ ਹਨ ਤਾਂ ਜੋ ਮੇਜ਼ਬਾਨ ਮਾਲਕ ਕੰਮ ਵਾਲੀ ਥਾਂ ਉਤੇ ਵਿਦਿਆਰਥੀਆਂ ਨੂੰ ਸਿੱਖਣ ਲਈ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਮੌਕੇ ਪ੍ਰਦਾਨ ਕਰ ਸਕਣ। ਵਿਸਤ੍ਰਿਤ ਰੂਪ ਵਿੱਚ *ਮਾਲਕਾਂ ਲਈ ਦਿਸ਼ਾ-ਨਿਰਦੇਸ਼* ਵਿੱਚ ਨੌਜਵਾਨਾਂ ਨੂੰ ਸਲਾਹ ਅਤੇ ਸੁਰੱਖਿਆ ਨਾਲ ਸਬੰਧਤ ਮਾਮਲੇ, ਪਾਬੰਦੀਸ਼ੁਦਾ ਗਤੀਵਿਧੀਆਂ ਅਤੇ ਕੰਮ ਵਾਲੇ ਮੇਜ਼ਬਾਨ ਸਥਾਨ ਉਤੇ ਵਿਦਿਆਰਥੀਆਂ ਦੀ ਜਾਣ-ਪਛਾਣ ਸ਼ਾਮਲ ਹਨ।

  ਇਸ ਦਿਸ਼ਾ-ਨਿਰਦੇਸ਼ ਵਿੱਚ ਬੱਚਿਆਂ ਦੀ ਸੁਰੱਖਿਆ ਨਾਲ ਸਬੰਧਤ ਮਾਮਲਿਆਂ ਬਾਰੇ ਅਹਿਮ ਜਾਣਕਾਰੀ ਵੀ ਹੈ। ਮਾਲਕਾਂ ਨੂੰ ਵੀ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸਮੁੱਚਾ ਸਟਾਫ਼ ਵਿਦਿਆਰਥੀਆਂ ਨਾਲ ਸਬੰਧਤ ਵਿਸ਼ੇਸ਼ ਜ਼ਿੰਮੇਵਾਰੀਆਂ ਤੋਂ ਜਾਣੂ ਹੋਣ।

- ਵਿਭਾਗੀ ਸਟਾਫ਼ ਨੂੰ ਜ਼ਰੂਰ ਹੀ ਕਿਸੇ ਵੀ ਤਰ੍ਹਾਂ ਦੇ ਵਾਜਬ ਸ਼ੱਕ ਬਾਰੇ ਰਿਪੋਰਟ ਕਰਨੀ ਚਾਹੀਦੀ ਹੈ, ਜਦੋਂ ਕਿਸੇ ਬੱਚੇ ਨੂੰ ਕੋਈ ਖ਼ਤਰਾ ਹੋਵੇ। ਉਨ੍ਹਾਂ ਨੂੰ ਬਾਲ ਸੁਰੱਖਿਆ ਖੇਤਰ ਵਿੱਚ ਮਾਲਕ ਜਾਂ ਉਨ੍ਹਾਂ ਦੇ ਮੁਲਾਜ਼ਮਾਂ ਵਿਰੁੱਧ ਕਿਸੇ ਵੀ ਤਰ੍ਹਾਂ ਦੇ ਦੋਸ਼ ਬਾਰੇ ਵੀ ਰਿਪੋਰਟ ਕਰਨੀ ਚਾਹੀਦੀ ਹੈ।
- ਕਿਸੇ ਵੀ ਵਿਦਿਆਰਥੀ ਨਾਲ ਕੋਈ ਜਿਨਸੀ ਜਾਂ ਲਿੰਗਕ ਛੇੜਛਾੜ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਦੋਸ਼ੀ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਵੇਗੀ। ਕਿਸੇ ਵੀ ਮੁਲਾਜ਼ਮ ਜਾਂ ਵਿਭਾਗੀ ਸਟਾਫ਼ ਮੈਂਬਰ ਨੂੰ ਬਾਲ ਸੁਰੱਖਿਆ ਖੇਤਰ ਵਿੱਚ ਕਿਸੇ ਮੁਲਾਜ਼ਮ ਵਿਰੁੱਧ ਲੱਗੇ ਦੋਸ਼ਾਂ ਬਾਰੇ ਸਕੂਲ ਦੇ ਪ੍ਰਿੰਸੀਪਲ (Principal) ਜਾਂ ਜ਼ਿੰਮੇਵਾਰ TAFE NSW ਸੰਸਥਾਨ ਦੇ ਮੈਨੇਜਰ ਨੂੰ ਜ਼ਰੂਰ ਹੀ ਜਾਣਕਾਰੀ ਦੇਣੀ ਹੋਵੇਗੀ। ਇਸ ਸੰਦਰਭ 'ਚ ਮੁਲਾਜ਼ਮ ਵਿੱਚ ਮਾਲਕ ਵੀ ਸ਼ਾਮਲ ਹੈ।

  ਪ੍ਰਿੰਸੀਪਲ ਜਾਂ TAFE ਸੰਸਥਾਨ ਮੈਨੇਜਰ ਨੂੰ, ਬਦਲੇ ਵਿੱਚ, ਵਿਭਾਗ ਦੀ *ਮੁਲਾਜ਼ਮ ਕਾਰਗੁਜ਼ਾਰੀ ਅਤੇ ਵਿਵਹਾਰ ਇਕਾਈ* (Employee Performance and Conduct Unit) ਨੂੰ ਦੱਸਣਾ ਹੋਵੇਗਾ, ਜੋ ਵਾਜਬ ਸਮਝਣ ਉਤੇ ਇਸ ਮਾਮਲੇ ਵਿੱਚ ਅਗਲੇਰੀ ਕਾਰਵਾਈ ਕਰ ਸਕਦੀ ਹੈ। ਗੰਭੀਰ ਕਿਸਮ ਦੇ ਇਲਜ਼ਾਮ Department of Community Services ਅਤੇ/ਜਾਂ ਜਿੱਥੇ ਵਾਜਬ ਹੋਵੇ NSW Police ਨੂੰ ਰਿਪੋਰਟ ਕਰਨੇ ਹੋਣਗੇ।
- ਜਿੱਥੇ ਵਿਦਿਆਰਥੀਆਂ ਦੀ ਯੋਜਨਾ ;ਬੱਚਿਆਂ ਨਾਲ ਸਬੰਧਤ ਕੰਮ ਵਾਲੇ ਸਥਾਨ, ਉਦਾਹਰਣ ਵਜੋਂ, ਇੱਕ ਸਕੂਲ, ਬਾਲ-ਸੰਭਾਲ ਕੇਂਦਰ ਜਾਂ ਹਸਪਤਾਲ ਵਿੱਚ ਕੰਮ ਵਾਲੀ ਥਾਂ ਉਤੇ ਸਿਖਲਾਈ ਪ੍ਰੋਗਰਾਮ ਕਰਨ ਦੀ ਹੋਵੇ ਤਾਂ ਤੁਹਾਡੇ ਨੌਜਵਾਨ ਨੂੰ ਪਹਿਲਾਂ ਪਾਬੰਦੀਸ਼ੁਦਾ ਰੋਜ਼ਗਾਰ ਘੋਸ਼ਣਾ-ਪੱਤਰ (Prohibited Employment Declaration) ਭਰਨਾ ਹੋਵੇਗਾ। ਇਹ ਯਕੀਨੀ ਬਣਾਉਣਾ ਹੋਵੇਗਾ ਕਿ ਕੇਵਲ ਵਾਜਬ ਵਿਅਕਤੀ ਹੀ ਬੱਚਿਆਂ ਨਾਲ ਕੰਮ ਕਰਨ ਅਤੇ ਇਹ Commission for Children and Young People ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਇੱਕ ਵਿਧਾਨਕ ਜ਼ਰੂਰਤ ਵੀ ਹੈ। ਸਕੂਲ ਜਾਂ TAFE NSW ਸੰਸਥਾਨ ਜਾਂ P/C RTO ਇਸ ਘੋਸ਼ਣਾ-ਪੱਤਰ ਦੀ ਕਾਪੀ ਉਨ੍ਹਾਂ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਉਣਗੇ, ਜਿਨ੍ਹਾਂ ਨੂੰ ਇਹ ਭਰਨ ਦੀ ਲੋੜ ਹੋਵੇਗੀ।

## ਹੰਗਾਮੀ ਹਾਲਾਤ ਬਾਰੇ ਕੀ ਵੇਰਵਾ ਹੈ ?

ਕੰਮ ਵਾਲੇ ਸਥਾਨ ਉਤੇ ਸਿਖਲਾਈ ਪ੍ਰੋਗਰਾਮ ਦੀ ਵਿਵਸਥਾ ਸਮੇਂ ਬਹੁਤ ਸਾਵਧਾਨੀ ਵਰਤੀ ਜਾਂਦੀ ਹੈ ਅਤੇ ਲਗਭਗ ਸਾਰੀਆਂ ਪਲੇਸਮੈਂਟਾਂ ਬਿਨਾਂ ਕਿਸੇ ਸਮੱਸਿਆ ਦੇ ਨੇਪਰੇ ਚੜ੍ਹਦੀਆਂ ਹਨ, ਬਹੁਤ ਹੀ ਘੱਟ ਅਤੇ ਅਣ-ਕਿਆਸੇ ਹਾਲਾਤ ਵਿੱਚ ਹੀ ਕਦੇ ਕੋਈ ਸਮੱਸਿਆ ਖੜ੍ਹੀ ਹੁੰਦੀ ਹੈ।

ਵਿਦਿਆਰਥੀਆਂ ਨੂੰ ਜੇ ਕਦੇ ਹੰਗਾਮੀ ਹਾਲਾਤ (ਐਮਰਜੈਂਸੀ) ਦਾ ਸਾਹਮਣਾ ਕਰਨਾ ਪਵੇ ਤਾਂ ਵਿਭਾਗ ਕੋਲ ਉਨ੍ਹਾਂ ਦੀ ਸਹਾਇਤਾ ਦੀਆਂ ਵਿਵਸਥਾਵਾਂ ਮੌਜੂਦ ਹਨ। ਇੱਕ ਜ਼ਰੂਰਤ ਤਾਂ ਇਹ ਹੈ ਕਿ ਵਿਦਿਆਰਥੀ ਕੋਲ ਪਲੇਸਮੈਂਟ ਦੇ ਘੰਟਿਆਂ ਲਈ ਹੰਗਾਮੀ **ਹਾਲਾਤ ਵਾਸਤੇ ਸੰਪਰਕ** ਹੋਵੇ ਅਤੇ ਦੂਜੀ ਲੋੜ ਇਹ ਕਿ ਵਿਦਿਆਰਥੀ ਕੋਲ ਇੱਕ ਛੋਟਾ ਕਾਰਡ *(ਸੁਰੱਖਿਆ ਅਤੇ ਹੰਗਾਮੀ ਹਾਲਾਤ ਵਿਚ ਕਾਰਜਵਿਧੀਆਂ - ਵਿਦਿਆਰਥੀ ਸੰਪਰਕ ਕਾਰਡ ਜਾਂ Safety and Emergency Procedures – Student Contact Card)* ਪਲੇਸਮੈਂਟ ਦੌਰਾਨ ਜ਼ਰੂਰ ਹੋਵੇ, ਜਿਸ ਵਿੱਚ ਇਹ ਜ਼ਰੂਰ ਹੀ ਦਰਜ ਹੋਵੇ ਕਿ ਹੰਗਾਮੀ ਹਾਲਾਤ ਵਿੱਚ ਕਿਸ ਨਾਲ ਸੰਪਰਕ ਕੀਤਾ ਜਾਵੇ। ਇਹ ਆਮ ਤੌਰ ਉਤੇ ਕਰੈਡਿਟ ਕਾਰਡ ਦੇ ਆਕਾਰ ਦਾ ਹੁੰਦਾ ਹੈ ਅਤੇ ਇਸ ਦੀ ਵਰਤੋਂ ਸਪੱਸ਼ਟਤਾ ਨਾਲ ਕੀਤੀ ਜਾ ਸਕਦੀ ਹੈ। ਇਸ ਵਿੱਚ ਕੋਈ ਸੁਰੱਖਿਆ ਸਲਾਹ ਵੀ ਹੋ ਸਕਦੀ ਹੈ।

- *ਸੁਰੱਖਿਆ ਅਤੇ ਹੰਗਾਮੀ ਹਾਲਾਤ ਵਿਚ ਕਾਰਜਵਿਧੀਆਂ - ਵਿਦਿਆਰਥੀ ਸੰਪਰਕ ਕਾਰਡ* ਵਿਦਿਆਰਥੀ ਦੇ ਸਕੂਲ ਜਾਂ, ਜਿੱਥੇ ਵਾਜਬ ਹੋਵੇ TAFE NSW ਸੰਸਥਾਨ ਜਾਂ P/C RTO ਵੱਲੋਂ ਮੁਹੱਈਆ ਕਰਵਾਇਆ ਜਾਂਦਾ ਹੈ।

  ਵਿਦਿਆਰਥੀ ਹੰਗਾਮੀ ਹਾਲਾਤ ਵਿੱਚ ਵਰਤੋਂ ਲਈ ਨਿਗਰਾਨੀ ਅਧੀਨ ਸੰਪਰਕ ਵੇਰਵੇ ਭਰਦਾ ਹੈ ਅਤੇ ਭਰੇ ਹੋਏ ਵਿਦਿਆਰਥੀ ਪਲੇਸਮੈਂਟ ਰਿਕਾਰਡ (Student Placement Record) ਉਤੇ ਮੁਹੱਈਆ ਕਰਵਾਈ ਹੋਈ ਜਾਣਕਾਰੀ ਨੂੰ ਭਰਦਾ ਹੈ। ਵਿਦਿਆਰਥੀ ਵੱਲੋਂ ਕਾਰਡ ਦੀ ਵਰਤੋਂ ਕੇਵਲ ਕਿਸੇ ਹੰਗਾਮੀ ਹਾਲਾਤ ਵਿੱਚ ਹੀ ਕੀਤੀ ਜਾਂਦੀ ਹੈ।
- **ਕੰਮ-ਕਾਰ ਦੇ ਆਮ ਘੰਟਿਆਂ ਦੌਰਾਨ** ਜੇ ਤੁਹਾਡਾ ਨੌਜਵਾਨ ਬੱਚਾ ਸੱਚਮੁਚ ਇਹ ਵਿਸ਼ਵਾਸ ਕਰਦਾ ਹੈ ਕਿ ਉਹ ਜੋਖਿਮ ਵਿੱਚ ਹੈ ਪਰ ਉਹ ਇਸ ਮਾਮਲੇ ਨੂੰ ਮੇਜ਼ਬਾਨ ਮਾਲਕ ਜਾਂ ਕੰਮ ਵਾਲੇ ਸਥਾਨ ਦੇ ਸੁਪਰਵਾਈਜ਼ਰ ਦੇ ਧਿਆਨ ਵਿੱਚ ਨਹੀਂ ਲਿਆਉਣਾ ਚਾਹੁੰਦਾ ਤਾਂ ਵਿਦਿਆਰਥੀ ਨੂੰ ਸਕੂਲ ਜਾਂ ਜਿੱਥੇ ਵਾਜਬ ਹੋਵੇ, TAFE NSW ਸੰਸਥਾਨ ਵੱਲੋਂ ਜਾਂ P/C RTO ਵਿਦਿਆਰਥੀ ਦੇ ਆਪਣੇ ਸੰਪਰਕ ਕਾਰਡ ਉਤੇ ਸੂਚੀਬੱਧ ਸੰਪਰਕ ਨੰਬਰਾਂ ਉਤੇ ਆਪਣੇ **ਨਾਮਜ਼ਦ ਸੰਪਰਕ ਨੂੰ** ਫ਼ੋਨ ਕਰਨਾ ਚਾਹੀਦਾ ਹੈ। ਜੇ ਉਨ੍ਹਾਂ ਦੇ ਕੋਈ ਜ਼ਿਆਦਾ ਵਰਨਣਯੋਗ ਸੱਟ ਲੱਗੀ ਹੋਵੇ ਤਾਂ ਉਨ੍ਹਾਂ ਨੂੰ ਤੁਹਾਡੇ ਨਾਲ ਵੀ ਸੰਪਰਕ ਕਰਨਾ ਚਾਹੀਦਾ ਹੈ। ਤੁਹਾਡੇ ਫ਼ੋਨ ਸੰਪਰਕ ਦੇ ਵੇਰਵੇ ਵੀ ਕਾਰਡ ਉਤੇ ਦਰਜ ਕੀਤੇ ਜਾਣਗੇ।
- ਜੇ ਕਿਸੇ ਹੰਗਾਮੀ ਹਾਲਾਤ ਲਈ, ਆਹਮੋ-ਸਾਹਮਣੇ ਜਮਾਤਾਂ ਦੇ ਘੰਟਿਆਂ ਦੇ ਖ਼ਤਮ ਹੋਣ ਅਤੇ ਸੰਪਰਕ ਵਾਸਤੇ ਆਪਣੀ ਇੱਛਾ ਨਾਲ ਕੋਈ ਵਾਜਬ ਅਧਿਆਪਕ ਸਟਾਫ਼ ਮੈਂਬਰ ਉਪਲਬਧ ਨਹੀਂ ਹੈ ਤਾਂ ਉਨ੍ਹਾਂ ਘੰਟਿਆਂ ਵਿੱਚ ਪਲੇਸਮੈਂਟ ਨਹੀਂ ਹੋ ਸਕਦੀ।
- ਬਹੁਤ ਹੀ ਘੱਟ ਮਾਮਲਿਆਂ ਵਿੱਚ, ਆਮ ਤੌਰ ਉਤੇ 11 ਸਾਲ ਅਤੇ 12 ਸਾਲ ਦੇ ਵਿਦਿਆਰਥੀਆਂ ਦੇ ਮਾਮਲੇ ਵਿੱਚ, ਪਲੇਸਮੈਂਟਸ ਨੂੰ **ਕੰਮ ਕਾਰ ਦੇ ਆਮ ਬਾਹਰੀ ਘੰਟਿਆਂ ਤੱਕ** ਵਧਾਇਆ ਜਾ ਸਕਦਾ ਹੈ। ਇਸ ਨੂੰ ਸਕੂਲ, ਜਾਂ ਜਿੱਥੇ ਵਾਜਬ ਹੋਵੇ TAFE NSW ਸੰਸਥਾਨ ਜਾਂ P/C RTO ਵਲੋਂ ਵਿਦਿਆਰਥੀ ਦੇ ਪਲੇਸਮੈਂਟ ਰਿਕਾਰਡ ਉਤੇ ਦਰਸਾਇਆ ਜਾਵੇਗਾ। ਜੇ ਵਿਦਿਆਰਥੀ ਨੂੰ ਵਿਸ਼ਵਾਸ ਹੈ ਕਿ ਉਹ ਕੰਮ-ਕਾਰ ਦੇ ਆਮ ਘੰਟਿਆਂ ਦੇ ਸਮੇਂ ਦੌਰਾਨ ਜੋਖਿਮ ਵਿੱਚ ਹੈ ਤਾਂ ਉਨ੍ਹਾਂ ਨੂੰ ਜ਼ਰੂਰ ਹੀ ਤੁਹਾਨੂੰ, ਆਪਣੇ **ਮਾਪੇ ਜਾਂ ਸਰਪ੍ਰਸਤ ਨੂੰ** ਸੰਪਰਕ ਕਰਨਾ ਚਾਹੀਦਾ ਹੈ। ਤੁਹਾਨੂੰ ਕਿਸੇ ਵੀ ਮਾਮਲੇ ਦੀ ਜਾਂਚ ਕਰਨ ਜਾਂ ਕੋਈ ਹੱਲ ਲੱਭਣ ਦੀ ਲੋੜ ਨਹੀਂ ਹੈ, ਤੁਸੀਂ ਸਿਰਫ਼ ਆਪਣੇ ਪੁੱਤਰ ਜਾਂ ਧੀ ਨੂੰ ਕਿਸੇ ਵੀ ਕਿਸਮ ਦੇ ਨੁਕਸਾਨ ਤੋਂ ਬਚਾਓ। ਤੁਹਾਡੀ ਰਿਪੋਰਟ ਮਿਲਣ ਤੋਂ ਬਾਅਦ ਇਹ ਸਕੂਲ, ਜਾਂ ਜਿੱਥੇ ਵਾਜਬ ਹੋਵੇ TAFE NSW ਸੰਸਥਾਨ ਜਾਂ P/C RTO ਦੀ ਜ਼ਿੰਮੇਵਾਰੀ ਕੰਮ ਵਾਲੇ ਸਥਾਨ 'ਤੇ ਛੇਤੀ ਤੋਂ ਛੇਤੀ ਸਬੰਧਤ ਮਾਮਲੇ ਦੀ ਤਹਿ ਤੱਕ ਪਹੁੰਚਣ ਦੀ ਹੈ। ਉਹੀ ਤੁਹਾਨੂੰ ਸਬੰਧਤ ਨਤੀਜੇ ਬਾਰੇ ਦੱਸਣਗੇ।
- ਸਿਰਫ਼ **ਕੰਮ-ਕਾਰ ਦੇ ਬਾਹਰੀ ਆਮ ਘੰਟਿਆਂ ਦੇ** ਸਮੇਂ ਲਈ, ਕਿਸੇ ਹੋਰ ਅਜਿਹੇ ਜ਼ਿੰਮੇਵਾਰ ਬਾਲਗ ਨੂੰ ਨਾਮਜ਼ਦ ਕਰ ਸਕਦੇ ਹੋ, ਜਿਸ ਉਤੇ ਵਿਦਿਆਰਥੀ ਭਰੋਸਾ ਕਰਦੇ ਹੋਣ ਅਤੇ ਉਸ ਨੂੰ ਤੁਹਾਡੇ ਵੱਲੋਂ ਸੰਪਰਕ ਕਰ ਸਕਣ। ਅਜਿਹੇ ਵਿਅਕਤੀ ਦੇ ਵੇਰਵੇ ਜ਼ਰੂਰ ਹੀ ਵਿਦਿਆਰਥੀ ਦੇ ਪਲੇਸਮੈਂਟ ਕਾਰਡ ਉਤੇ ਦਿੱਤੇ ਜਾਣੇ ਚਾਹੀਦੇ ਹਨ, ਜਿਸ ਉਤੇ ਉਹ ਆਪਣੇ ਹਸਤਾਖਰ ਜ਼ਰੂਰ ਕਰਨ। ਇਹ ਸੰਪਰਕ ਸੂਤਰ ਵਿਦਿਆਰਥੀ ਦਾ ਮੇਜ਼ਬਾਨ ਮਾਲਕ ਜਾਂ ਕੋਈ ਮੁਲਾਜ਼ਮ ਨਹੀਂ ਹੋ ਸਕਦਾ ਅਤੇ ਨਾ ਹੀ ਇਹ ਵਿਦਿਆਰਥੀ ਦਾ ਕੋਈ ਬੁਆਏ-ਫ਼ਰੈਂਡ ਜਾਂ ਗਰਲ-ਫ਼ਰੈਂਡ ਹੋ ਸਕਦੇ ਹਨ।
- **ਤੁਹਾਨੂੰ, ਜਾਂ ਜਿਸ ਵਿਅਕਤੀ ਨੂੰ ਤੁਸੀਂ ਆਪਣਾ ਸੰਪਰਕ-ਸੂਤਰ ਨਾਮਜ਼ਦ ਕੀਤਾ ਹੈ,** ਨੂੰ ਪਲੇਸਮੈਂਟ ਦੀ ਮਿਆਦ ਦੌਰਾਨ ਕੰਮ-ਕਾਰ ਦੇ ਆਮ ਬਾਹਰੀ ਘੰਟਿਆਂ ਵੇਲੇ ਵਿਦਿਆਰਥੀ ਦੇ ਕਿਸੇ ਵੀ ਤਰ੍ਹਾਂ ਦੇ ਹੰਗਾਮੀ ਹਾਲਾਤ ਵਿੱਚ ਫਸੇ ਹੋਣ ਦੀ ਹਾਲਤ 'ਚ ਵਿਦਿਆਰਥੀ ਦੇ ਸਕੂਲ, ਜਾਂ ਜਿਥੇ ਵੀ ਵਾਜਬ ਹੋਵੇ TAFE NSW ਸੰਸਥਾਨ ਜਾਂ P/C RTO ਨੂੰ ਜ਼ਰੂਰ ਹੀ ਸੂਚਿਤ ਕਰਨਾ ਚਾਹੀਦਾ ਹੈ। ਘਟਨਾ ਜਦੋਂ ਵੀ ਵਾਪਰੇ, ਤਦ ਜਿੰਨੀ ਵੀ ਛੇਤੀ ਸੰਭਵ ਹੋਵੇ, ਅਜਿਹੀ ਕੋਈ ਸੂਚਨਾ ਤੁਰੰਤ ਦਿਓ, ਉਦਾਹਰਣ ਵਜੋਂ, ਜਿੰਨੀ ਵੀ ਛੇਤੀ ਸੰਭਵ ਹੋਵੇ ਅਗਲੇ ਦਿਨ। ਸਕੂਲ, ਜਾਂ ਜਿਥੇ ਵਾਜਬ ਹੋਵੇ TAFE NSW ਸੰਸਥਾਨ ਜਾਂ P/C RTO ਇਸ ਹਾਲਾਤ ਨਾਲ ਸਿੱਝਣਗੇ ਅਤੇ ਢੁਕਵੀਂ ਕਾਰਵਾਈ ਕਰਨਗੇ।
- ਸਕੂਲ, ਜਾਂ ਜਿਥੇ ਵਾਜਬ ਹੋਵੇ, TAFE NSW ਸੰਸਥਾਨ ਜਾਂ P/C RTO ਵੱਲੋਂ ਅੰਤਿਮ ਪ੍ਰਵਾਨਗੀ ਮਿਲਣ ਤੋਂ ਪਹਿਲਾਂ, ਇਹ ਮਹੱਤਵਪੂਰਨ ਹੈ ਕਿ ਤੁਸੀਂ ਪਹਿਲਾਂ ਵਿਦਿਆਰਥੀ ਦੇ ਪਲੇਸਮੈਂਟ ਰਿਕਾਰਡ ਦੇ ਮਾਪੇ/ਸਰਪ੍ਰਸਤ ਵਾਲੇ ਸੈਕਸ਼ਨ ਉਤੇ

ਵਾਜਬ ਸੰਪਰਕ ਵੇਰਵੇ ਅਤੇ **Medicare ਨੰਬਰ** ਮੁਹੱਈਆ ਕਰਵਾਓ। ਮੈਡੀਕਲ ਕੇਸ ਵਿੱਚ Medicare ਨੰਬਰ ਪਲੇਸਮੈਂਟ ਦੌਰਾਨ ਬਹੁਤ ਜ਼ਰੂਰੀ ਹੈ। ਜਿਹੜੇ ਵਿਦਿਆਰਥੀ Medicare ਨੰਬਰ ਲਈ ਅਯੋਗ ਹੋਣ, ਉਹ ਜੇ ਚਾਹੁਣ ਆਪਣੇ ਜਨਰਲ ਪ੍ਰੈਕਟੀਸ਼ਨਰ (ਜੀ ਪੀ) ਦਾ ਨੰਬਰ ਦੇ ਸਕਦੇ ਹਨ। ਤੁਹਾਡੇ ਵੱਲੋਂ ਕੀਤੀ ਗਈ ਸਹਾਇਤਾ ਲਈ ਧੰਨਵਾਦੀ ਹੋਵਾਂਗੇ।

- ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ Medicare ਨੰਬਰ ਆਪਣੇ *ਸੁਰੱਖਿਆ ਅਤੇ ਹੰਗਾਮੀ ਹਾਲਾਤ ਦੌਰਾਨ ਦੀਆਂ ਕਾਰਜਵਿਧੀਆਂ - ਵਿਦਿਆਰਥੀ ਸੰਪਰਕ ਕਾਰਡ* ਵਿੱਚ ਦਰਜ ਕਰ ਲੈਣ।
- ਜੇ ਤੁਸੀਂ ਆਪਣੇ ਨੌਜਵਾਨ ਬੱਚੇ ਦੀ ਪਲੇਸਮੈਂਟ ਸਬੰਧੀ ਪ੍ਰਬੰਧਾਂ ਬਾਰੇ ਕੋਈ ਪੁੱਛਗਿੱਛ ਕਰਨੀ ਚਾਹੁੰਦੇ ਹੋ ਤਾਂ ਕ੍ਰਿਪਾ ਕਰਕੇ ਸਕੂਲ ਜਾਂ TAFE NSW ਸੰਸਥਾਨ ਨਾਲ ਸੰਪਰਕ ਕਰੋ। ਇਸ ਵਿੱਚ 8-10 ਸਾਲਾਂ ਦੀ ਉਮਰ ਦੇ ਵਿਦਿਆਰਥੀਆਂ ਵਲੋਂ ਪਲੇਸਮੈਂਟਸ ਲਈ ਕੀਤੀਆਂ ਬੇਨਤੀਆਂ ਸ਼ਾਮਲ ਹਨ ਜੋ ਕੰਮ-ਕਾਰ ਦੇ ਬਾਹਰੀ ਆਮ ਨਿਯਮਤ ਘੰਟਿਆਂ ਵਿਚ ਵਾਧਾ ਕਰ ਸਕਦੇ ਹਨ।

## ਭਾਗ 4

## ਬੀਮਾ ਅਤੇ ਹਰਜਾਨਾ ਪੂਰਤੀ ਦੀਆਂ ਵਿਵਸਥਾਵਾਂ

ਵਿਦਿਆਰਥੀਆਂ ਅਤੇ ਮਾਲਕਾਂ ਦੀ ਸੁਰੱਖਿਆ ਲਈ ਵਿਭਾਗ ਕੋਲ ਨਿਮਨਲਿਖਿਤ ਕਈ ਵਿਵਸਥਾਵਾਂ ਹਨ :

- ਕੰਮ ਵਾਲੇ ਸਥਾਨ ਉਤੇ ਜ਼ਖ਼ਮੀ ਹੋਣ ਵਾਲੇ ਵਿਦਿਆਰਥੀਆਂ ਲਈ ਬੀਮਾ ਵਿਵਸਥਾਵਾਂ ਵਿੱਚ ਕੰਮ ਵਾਲੇ ਸਥਾਨ ਤੱਕ ਆਉਣ-ਜਾਣ ਦਾ ਸਫ਼ਰ ਸ਼ਾਮਲ ਹੈ। ਬਕਾਇਆ ਖ਼ਰਚਿਆਂ ਦੀ ਪ੍ਰਾਪਤੀ ਲਈ ਵਿਭਾਗ ਕੋਲ ਬੇਨਤੀ ਕਰਨ ਤੋਂ ਪਹਿਲਾਂ ਮਾਪਿਆਂ ਅਤੇ ਸਰਪ੍ਰਸਤਾਂ ਨੂੰ ਪਹਿਲਾਂ ਆਪਣੇ Medicare ਅਤੇ ਪ੍ਰਾਈਵੇਟ ਸਿਹਤ ਫ਼ੰਡਾਂ ਤੋਂ ਦਾਅਵਾ ਪੇਸ਼ ਕਰਨਾ ਹੋਵੇਗਾ।
- ਵਿਦਿਆਰਥੀ ਨੂੰ ਲੱਗਣ ਵਾਲੀ ਸੱਟ ਦੇ ਨਤੀਜੇ ਵਜੋਂ ਦਾਅਵਾ ਪੇਸ਼ ਕੀਤੇ ਜਾਣ ਜਾਂ ਕੰਮ ਵਾਲੇ ਸਥਾਨ ਉਤੇ ਸਿਖਲਾਈ ਪ੍ਰੋਗਰਾਮ ਦੌਰਾਨ ਵਿਦਿਆਰਥੀ ਵੱਲੋਂ ਜਾਇਦਾਦ ਨੂੰ ਪਹੁੰਚਾਏ ਨੁਕਸਾਨ ਦੇ ਮੁਆਵਜ਼ੇ ਦੀ ਸੂਰਤ ਵਿੱਚ ਮਾਲਕਾਂ ਲਈ ਸੁਰੱਖਿਆ। ਸ਼ਰਤਾਂ ਲਾਗੂ।

ਕੰਮ ਵਾਲੇ ਸਥਾਨ ਉਤੇ ਸਿਖਲਾਈ ਦੇ ਮਨਜ਼ੂਰਸ਼ੁਦਾ ਪ੍ਰੋਗਰਾਮ ਵਿੱਚ ਭਾਗ ਲੈਂਦਿਆਂ ਜੇ ਕਿਸੇ ਵਿਦਿਆਰਥੀ ਦੇ ਕੁੱਝ ਜ਼ਿਆਦਾ ਸੱਟ ਲੱਗ ਜਾਂਦੀ ਹੈ ਤਾਂ ਵਿਭਾਗ ਇਹ ਯਕੀਨ ਦਿਵਾਉਂਦਾ ਹੈ ਕਿ ਵਿਦਿਆਰਥੀ ਉਸ ਨਾਲੋਂ ਮਾੜਾ ਨਹੀਂ ਰਹੇਗਾ ਜਿਸ ਦੇ ਭੁਗਤਾਨਸ਼ੁਦਾ ਰੋਜ਼ਗਾਰ ਉਤੇ ਲੱਗੇ ਹੋਣ ਉਤੇ ਇਹੋ ਜਿਹੀ ਸੱਟ ਲੱਗ ਜਾਂਦੀ ਹੈ ਅਤੇ ਜੋ ਕਿਰਤੀਆਂ ਦੇ ਮੁਆਵਜ਼ਾ ਕਾਨੂੰਨ (Workers' Compensation Act) ਅਧੀਨ ਆਉਂਦਾ ਹੈ। ਇਸੇ ਲਈ ਵਿਭਾਗ ਨਿਊ ਸਾਊਥ ਵੇਲਜ਼ ਦੇ ਕਿਰਤੀਆਂ ਦੇ ਮੁਆਵਜ਼ਾ ਕਾਨੂੰਨ (NSW Workers Compensation Act) ਨੂੰ, ਵਿਦਿਆਰਥੀਆਂ ਨੂੰ ਮੈਡੀਕਲ ਇਲਾਜ ਅਤੇ ਮੁੜ-ਵਸੇਬੇ ਦੀਆਂ ਲਾਗਤਾਂ ਦੇ ਮੁਆਵਜ਼ੇ ਵਾਸਤੇ ਇੱਕ ਤਲ-ਚਿੰਨ੍ਹ ਮੰਨਦਾ ਹੈ। ਵਿਦਿਆਰਥੀਆਂ ਨੂੰ ਕਿਉਂਕਿ ਭੁਗਤਾਨ ਨਹੀਂ ਕੀਤਾ ਜਾਂਦਾ, ਮੁਆਵਜ਼ੇ ਵਿੱਚ ਆਮਦਨ ਦਾ ਨੁਕਸਾਨ ਸ਼ਾਮਲ ਨਹੀਂ ਹੁੰਦਾ। ਭੁਗਤਾਨਸ਼ੁਦਾ ਮੁਲਾਜ਼ਮਾਂ ਵਾਂਗ ਹੀ ਵਿਦਿਆਰਥੀਆਂ ਨੂੰ ਵੀ ਆਮ ਕਾਨੂੰਨ ਤਹਿਤ ਉਸ ਹਾਲਤ ਵਿੱਚ ਮੁਆਵਜ਼ਾ ਹਾਸਲ ਕਰਨ ਦਾ ਹੱਕ ਹੈ ਜੇ ਇਹ ਸਥਾਪਤ ਕੀਤਾ ਜਾ ਸਕਦਾ ਹੋਵੇ ਕਿ ਵਿਦਿਆਰਥੀ ਦੇ ਸੱਟ ਮੇਜ਼ਬਾਨ ਮਾਲਕ, ਵਿਭਾਗ ਜਾਂ ਤੀਜੀ ਧਿਰ ਦੀ ਲਾਪਰਵਾਹੀ ਨਾਲ ਲੱਗੀ ਹੈ।

ਇਹ ਬੀਮਾ ਵਿਵਸਥਾਵਾਂ ਸਿਰਫ਼ ਉਨ੍ਹਾਂ ਕੰਮ ਵਾਲੇ ਸਥਾਨ ਉਤੇ ਸਿਖਲਾਈ ਪ੍ਰੋਗਰਾਮਾਂ ਉਤੇ ਲਾਗੂ ਹੁੰਦੀਆਂ ਹਨ ਜੋ ਸਕੂਲ ਵਲੋਂ ਪ੍ਰਵਾਨਿਤ ਹੋਣ, ਜਾਂ ਜਿਥੇ ਲਾਗੂ ਹੋਵੇ TAFE NSW ਸੰਸਥਾਨ ਜਾਂ P/C RTO ਵੱਲੋਂ ਬਾਹਰੀ ਪਲੇਸਮੈਂਟਸ ਲਈ ਪ੍ਰਵਾਨਿਤ ਹਨ। ਇਹ ਮਨਜ਼ੂਰੀ ਵਿਦਿਆਰਥੀ ਦੇ ਪਲੇਸਮੈਂਟ ਰਿਕਾਰਡ (Student Placement Record) ਉਤੇ ਦਰਜ ਕੀਤੀ ਜਾਂਦੀ ਹੈ।

ਕਿਸੇ ਵੀ ਵਿਦਿਆਰਥੀ ਦੀ ਪਲੇਸਮੈਂਟਸ ਲਈ ਉਸ ਦੇ ਆਪਣੇ ਸੰਗਠਨ ਅੰਦਰ ਬੀਮਾ ਵਿਵਸਥਾਵਾਂ ਦੇ ਵੇਰਵੇ P/C RTO ਮੁਹੱਈਆ ਕਰਵਾਏਗਾ। ਫਿਰ ਵੀ, ਤੁਹਾਡੇ ਪੁੱਤਰ ਜਾਂ ਧੀ ਦੇ ਸਕੂਲ ਦੀ ਉਨ੍ਹਾਂ ਦਾ ਧਿਆਨ ਰੱਖਣ ਦੀ ਜ਼ਿੰਮੇਵਾਰੀ ਹੈ ਜਦੋਂ ਉਹ ਅਜਿਹੇ ਨਿਜੀ ਜਾਂ ਭਾਈਚਾਰਕ RTO (P/C RTO) ਵੱਲੋਂ ਕਰਵਾਏ ਜਾ ਰਹੇ ਕੋਰਸ ਵਿੱਚ ਸ਼ਿਰਕਤ ਕਰ ਰਿਹਾ ਹੈ, ਜਿਸ ਨੂੰ ਵਿਦਿਆਰਥੀਆਂ ਨੂੰ ਕੋਰਸ ਕਰਵਾਉਣ ਲਈ ਕੰਟਰੈਕਟ ਦਿੱਤਾ ਗਿਆ ਹੈ। ਉਹ ਆਪਣੇ ਸਕੂਲੀ ਵਿਦਿਆਰਥੀਆਂ ਲਈ ਕੰਮ ਵਾਲੇ ਸਥਾਨ ਉਤੇ ਪਲੇਸਮੈਂਟ ਦੇ ਪ੍ਰੋਗਰਾਮਾਂ ਦੀ ਵਿਵਸਥਾ ਕਰਵਾਉਣ ਲਈ ਲਗਾਤਾਰ P/C RTOs ਨਾਲ ਤਾਲਮੇਲ ਰੱਖਦੇ ਹਨ।

## ਭਾਗ 5

## ਤੁਹਾਡੇ ਬੱਚੇ ਦੀ ਸਹਾਇਤਾ ਦੇ ਸਰਵੋਤਮ ਢੰਗ

***ਪਲੇਸਮੈਂਟ ਦੀ ਵਿਵਸਥਾ ਹੋਣ ਤੋਂ ਪਹਿਲਾਂ*** ਆਰਗੇਨਾਈਜ਼ਰ ਵੱਲੋਂ ਕੰਮ ਵਾਲੇ ਸਥਾਨ ਉਤੇ ਸਿਖਲਾਈ ਸਬੰਧੀ ਪ੍ਰਦਾਨ ਕੀਤੀ ਗਈ ਜਾਣਕਾਰੀ ਨੂੰ ਪੜ੍ਹੋ ਅਤੇ ਸਬੰਧਤ ਜਾਣਕਾਰੀ ਸੈਸ਼ਨਾਂ ਵਿੱਚ ਸ਼ਿਰਕਤ ਕਰੋ। ਜੇ ਤੁਹਾਨੂੰ ਕਿਸੇ ਗੱਲ ਬਾਰੇ ਯਕੀਨ ਨਹੀਂ ਤਾਂ ਕ੍ਰਿਪਾ ਕਰਕੇ ਇਸ ਨੂੰ ਵਿਸਥਾਰਪੂਰਬਕ ਦੱਸੇ ਜਾਣ ਲਈ ਆਖੋ।

**ਆਪਣੇ ਪੁੱਤਰ ਜਾਂ ਧੀ ਨੂੰ ਇੰਝ ਕਰਨ ਲਈ ਉਤਸਾਹਿਤ ਕਰੋ :**

- ਆਪਣੇ ਕੈਰੀਅਰ ਸਬੰਧੀ ਅਤੇ ਕੰਮ ਦੀਆਂ ਤਰਜੀਹਾਂ ਬਾਰੇ ਉਨ੍ਹਾਂ ਦੀਆਂ ਵਿਕਸਤ ਹੋ ਰਹੀਆਂ ਦਿਲਚਸਪੀਆਂ ਬਾਰੇ ਵਿਚਾਰ ਵਟਾਂਦਰਾ ਕਰੋ।
- ਤਰਜੀਹ ਵਾਲੇ ਉਦਯੋਗਾਂ ਅਤੇ ਸਬੰਧਤ ਕੈਰੀਅਰ ਦੀ ਖੋਜ ਕਰੋ, ਉਦਾਹਰਣ ਵਜੋਂ ਆਸਟਰੇਲੀਆ ਦੀ ਇਸ ਰਾਸ਼ਟਰੀ ਕੈਰੀਅਰ ਜਾਣਕਾਰੀ ਸੇਵਾ ਵੈਬਸਾਈਟ ਨੂੰ ਵਰਤਦੇ ਹੋਏ ਖੋਜ ਕਰੋ : **www.myfuture.edu.au**
- ਆਪਣੇ ਰੋਜ਼ਗਾਰ ਨਾਲ ਸਬੰਧਤ ਨਿਪੁੰਨਤਾਵਾਂ ਦੀ ਲੱਾਗਬੁੱਕ *(Employment Related Skills Logbook)* ਵਿੱਚ ਦੇ Workplace Learning Research ਪੰਨੇ ਪੂਰੇ ਕਰੋ।
- ਇਹ ਵਿਚਾਰ ਵਟਾਂਦਰਾ ਕਰੋ ਕਿ ਉਹ ਪਲੇਸਮੈਂਟ ਤੋਂ ਉਨ੍ਹਾਂ ਦੀ ਕੀ ਸਿੱਖਣ ਦੀ ਯੋਜਨਾ ਹੈ ਅਤੇ ਉਨ੍ਹਾਂ ਸੰਭਾਵੀ ਸਵਾਲਾਂ ਬਾਰੇ ਪੁੱਛੋ ਜੋ ਉਹ ਆਪਣੇ ਨਿਗਰਾਨ ਜਾਂ ਮੇਜ਼ਬਾਨ ਮਾਲਕ ਨੂੰ ਪੁੱਛਣੇ ਚਾਹੁਣਗੇ।
- ਇਹ ਵੀ ਪਤਾ ਕਰੋ ਕਿ ਵਿਦਿਆਰਥੀ ਦੀ ਪਲੇਸਮੈਂਟ ਦੀ ਤਿਆਰੀ ਲਈ ਉਸ ਨੂੰ ਕੀ-ਕੀ ਲੋੜੀਂਦਾ ਹੈ। ਉਦਾਹਰਣ ਵਜੋਂ, ਸਕੂਲ ਜਾਂ ਜਿੱਥੇ ਵਾਜਬ ਹੋਵੇ TAFE NSW ਸੰਸਥਾਨ ਜਾਂ P/C RTO ਵੱਲੋਂ ਵਿਵਸਥਿਤ ਕੀਤੀਆਂ ਜਾਣ ਵਾਲੀਆਂ ਪੂਰਵ-ਪਲੇਸਮੈਂਟ ਦੀਆਂ ਗਤੀਵਿਧੀਆਂ ਨੂੰ ਮੁਕੰਮਲ ਕਰਦਿਆਂ।

**ਮਾਪੇ ਜਾਂ ਸਰਪ੍ਰਸਤ ਹੋਣ ਦੇ ਨਾਤੇ ਤੁਸੀਂ ਵੀ ਇੰਝ ਸਹਾਇਤਾ ਕਰ ਸਕਦੇ ਹੋ :**

- ਸਕੂਲ ਨੂੰ ਕਿਸੇ ਅਜਿਹੀਆਂ ਵਾਜਬ ਪਲੇਸਮੈਂਟਸ ਬਾਰੇ ਸਲਾਹ ਦੇ ਸਕਦੇ ਹੋ, ਜਿਸ ਨੂੰ ਤੁਸੀਂ ਜਾਣਦੇ ਹੋ ਜਾਂ ਜੇ ਕੋਈ ਅਜਿਹੀ ਪੇਸ਼ਕਸ਼ ਰੱਖ ਸਕੇ।
- ਸਕੂਲ, ਜਾਂ ਜਿਥੇ ਵਾਜਬ ਹੋਵੇ TAFE NSW ਸੰਸਥਾਨ ਜਾਂ P/C RTO ਨੂੰ ਵਿਦਿਆਰਥੀ ਦੀ ਕਿਸੇ ਵੀ ਤਰ੍ਹਾਂ ਦੀ ਅਯੋਗਤਾ, ਉਸ ਦੀ ਮੈਡੀਕਲ ਸਥਿਤੀ, ਦਵਾ-ਬੂਟੀ, ਐਲਰਜੀਆਂ ਜਾਂ ਪਾਬੰਦੀਆਂ, ਜਿਨ੍ਹਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ, ਬਾਰੇ ਸਲਾਹ ਦੇ ਕੇ, ਖ਼ਾਸ ਤੌਰ ਉਤੇ ਉਦੋਂ ਜੇ ਕੰਮ ਵਾਲੇ ਸਥਾਨ ਉਤੇ ਵਿਦਿਆਰਥੀ ਦੀ ਸੁਰੱਖਿਆ ਅਤੇ ਨਿਗਰਾਨੀ ਪ੍ਰਭਾਵਿਤ ਹੁੰਦੀ ਹੋਵੇ। ਵਿਦਿਆਰਥੀ ਦੇ ਪਲੇਸਮੈਂਟ ਰਿਕਾਰਡ ਉਤੇ ਇਹ ਜਾਣਕਾਰੀ ਮੁਹੱਈਆ ਕਰਵਾਉਣ ਲਈ ਸਥਾਨ ਦਿੱਤਾ ਗਿਆ ਹੈ ਜਾਂ ਤੁਸੀਂ ਉਸ ਰਿਕਾਰਡ ਉਤੇ ਜਾਣਕਾਰੀ ਨੱਥੀ ਕਰ ਸਕਦੇ ਹੋ। **ਜੇ ਤੁਹਾਡੇ ਬੱਚੇ ਨੂੰ ਕੰਮ ਵਾਲੇ ਸਥਾਨ ਉਤੇ ਖ਼ਾਸ ਧਿਆਨ ਦਿੱਤੇ ਜਾਣ ਦੀ ਜ਼ਰੂਰਤ ਹੈ, ਤਾਂ ਤੁਹਾਨੂੰ ਸਕੂਲ ਜਾਂ TAFE NSW ਸੰਸਥਾਨ ਨਾਲ ਸੰਪਰਕ ਕਰਨਾ ਚਾਹੀਦਾ ਹੈ।**

**ਜਦੋਂ ਕਿਸੇ ਪੁਜ਼ੀਸ਼ਨ ਦੀ ਪੁਸ਼ਟੀ ਹੋ ਜਾਵੇ ਤਾਂ ਇਨ੍ਹਾਂ ਬਾਰੇ ਪਤਾ ਲਾਉਣ ਵਿੱਚ ਆਪਣੇ ਪੁੱਤਰ ਜਾਂ ਧੀ ਦੀ ਸਹਾਇਤਾ ਕਰੋ :**

- ਉਨ੍ਹਾਂ ਦੇ ਕੰਮ ਵਾਲੇ ਸਥਾਨ ਦੀ ਸਿਖਲਾਈ ਨੂੰ ਤਰਜੀਹ ਦੇਣ ਲਈ ਹੋਰਨਾਂ ਗਤੀਵਿਧੀਆਂ ਨੂੰ ਮੁੜ ਨਿਸਚਿਤ ਕਰਨਾ
- ਪਲੇਸਮੈਂਟ ਮੌਕੇ ਕੱਪੜੇ ਅਤੇ ਹੋਰ ਜ਼ਰੂਰਤਾਂ, ਉਦਾਹਰਣ ਵਜੋਂ - ਨਾਲ ਬੰਨ੍ਹੇ ਜੁੱਤੇ।
- ਸ਼ੁਰੂ ਕਰਨ ਅਤੇ ਖ਼ਤਮ ਕਰਨ ਦੇ ਸਮੇਂ (ਵਿਦਿਆਰਥੀਆਂ ਤੋਂ ਪੁਜ਼ੀਸ਼ਨ ਦੇ ਆਮ ਘੰਟਿਆਂ ਵਿੱਚ ਕੰਮ ਕਰਨ, ਪਰ ਜੇ ਤੁਹਾਡੇ ਬੱਚੇ ਦੀ ਉਮਰ 15 ਸਾਲਾਂ ਤੋਂ ਘੱਟ ਹੈ ਤਾਂ ਸਵੇਰੇ 7 ਵਜੇ ਤੋਂ ਪਹਿਲਾਂ ਨਹੀਂ ਅਤੇ ਸ਼ਾਮੀਂ 6 ਵਜੇ ਤੋਂ ਬਾਅਦ ਨਹੀਂ, ਦੀ ਆਸ ਕੀਤੀ ਜਾਂਦੀ ਹੈ)
- ਪਹਿਲੇ ਦਿਨ ਵਿਦਿਆਰਥੀ ਲਈ ਕੀ ਜਾਣਨਾ ਜ਼ਰੂਰੀ ਹੈ (ਸਫ਼ਰ ਦੇ ਪ੍ਰਬੰਧ, ਆਮਦ ਦਾ ਸਮਾਂ, ਸੰਪਰਕ-ਸੂਤਰ ਵਿਅਕਤੀ)
- ਕੰਮ ਵਾਲੇ ਸਥਾਨ ਉਤੇ ਭੋਜਨ ਦੀਆਂ ਦੀਆਂ ਕੀ ਸਹੂਲਤਾਂ ਉਪਲਬਧ ਹਨ, ਜਾਂ ਕੀ ਉਨ੍ਹਾਂ ਨੂੰ ਆਪਣੇ ਨਾਲ ਭੋਜਨ ਲਿਜਾਣ ਦੀ ਜ਼ਰੂਰਤ ਹੈ।

**ਪਲੇਸਮੈਂਟ ਦੌਰਾਨ ਆਪਣੇ ਬੱਚੇ ਨੂੰ ਇਨ੍ਹਾਂ ਗੱਲਾਂ ਲਈ ਉਤਸਾਹਿਤ ਕਰੋ :**

- ਦਿੱਤਾ ਗਿਆ ਕੋਈ ਵੀ ਕੰਮ ਜਾਂ ਅਖ਼ਬਾਰਾਂ ਵਿਚੋਂ ਕੁੱਝ ਸਿੱਖਣ ਨੂੰ ਮੁਕੰਮਲ ਕਰੋ।
- ਜੇ ਕੋਈ ਔਖਿਆਈ ਹੋਵੇ ਤਾਂ ਤੁਰੰਤ ਆਪਣੇ ਨਾਮਜ਼ਦ ਸੰਪਰਕ-ਸੂਤਰ ਨਾਲ ਸੰਪਰਕ ਕਰਕੇ ਉਸ ਨੂੰ ਕਹੋ, ਉਦਾਹਰਣ ਵਜੋਂ - ਸੁਰੱਖਿਆ ਨਾਲ ਸਬੰਧਤ ਕੋਈ ਚਿੰਤਾਵਾਂ, ਹਾਦਸੇ, ਸੱਟ-ਫੇਟ, ਉਦਯੋਗਿਕ ਵਿਵਾਦ, ਤੰਗ-ਪਰੇਸ਼ਾਨ ਕਰਨਾ ਜਾਂ ਗੁੰਡੇਬਾਜ਼ੀ।

**ਆਪਣੇ ਪੁੱਤਰ ਜਾਂ ਧੀ ਨੂੰ ਉਤਸ਼ਾਹਿਤ ਕਰੋ ਕਿ ਉਹ ਤੁਹਾਡੇ ਨਾਲ ਇਨ੍ਹਾਂ ਮਾਮਲਿਆਂ 'ਤੇ ਵਿਚਾਰ-ਵਟਾਂਦਰਾ ਕਰਨ :**

- ਉਨ੍ਹਾਂ ਦੇ ਵਿਚਾਰ ਅਨੁਸਾਰ ਮੇਜ਼ਬਾਨ ਸੰਗਠਨ ਕਿਵੇਂ ਕੰਮ ਕਰਦਾ ਹੈ ?
- ਇਸ ਕੰਮ (ਕੰਮਾਂ) ਦੀ ਵਿਦਿਅਕ ਅਤੇ ਸਿਖਲਾਈ ਯੋਗਤਾ ਦੀ ਕੀ ਹੈ
- ਕੰਮ-ਕਾਰ ਦੀਆਂ ਸਥਿਤੀਆਂ ਕਿਹੋ ਜਿਹੀਆਂ ਹਨ ਅਤੇ ਯੂਨੀਅਨਾਂ ਦੀ ਕੀ ਭੂਮਿਕਾ ਹੈ
- ਕੰਮ ਵਾਲੇ ਸਥਾਨ ਉਤੇ ਕਿੱਤਾ-ਮੁਖੀ ਸਿਹਤ ਅਤੇ ਸੁਰੱਖਿਆ (occupational health and safety) (OH&S)
- ਕੰਮ ਵਾਲੇ ਸਥਾਨ ਉਤੇ ਮੁਲਾਜ਼ਮਾਂ ਦੀਆਂ ਕੀ ਜ਼ਿੰਮੇਵਾਰੀਆਂ ਹਨ ਅਤੇ ਉਨ੍ਹਾਂ ਦੇ ਅਧਿਕਾਰ ਕਿਹੜੇ-ਕਿਹੜੇ ਹਨ
- ਤੁਹਾਡਾ ਪੁੱਤਰ ਜਾਂ ਧੀ ਭਵਿੱਖ ਵਿੱਚ ਇਸ ਖੇਤਰ 'ਚ ਕੰਮ ਕਰਨ ਲਈ ਆਪਣੀਆਂ ਸ਼ਕਤੀਆਂ, ਵਿਸ਼ੇਸ਼ਤਾਵਾਂ ਅਤੇ ਤਰਜੀਹਾਂ ਬਾਰੇ ਕੀ ਸਿੱਖ ਰਿਹਾ/ਰਹੀ ਹੈ।

**ਪਲੇਸਮੈਂਟ ਮਗਰੋਂ ਆਪਣੇ ਪੁੱਤਰ ਜਾਂ ਧੀ ਨਾਲ ਸਿੱਧਿਆਂ ਇਨ੍ਹਾਂ ਵਿਸ਼ਿਆਂ ਉਤੇ ਗੱਲ ਕਰੋ :**

- ਉਹ ਮਾਲਕ ਦੀ ਰਿਪੋਰਟ ਮਾਲਕ ਬਾਰੇ ਤੁਹਾਡੇ ਨਾਲ ਅਤੇ ਸਬੰਧਤ ਅਧਿਆਪਕਾਂ ਨਾਲ ਵਿਚਾਰ ਵਟਾਂਦਰਾ ਕਰੇ।
- ਉਹ ਆਪਣੇ ਰੋਜ਼ਗਾਰ ਸਬੰਧਤ ਨਿਪੁੰਨਤਾਵਾਂ ਵਾਲੀ ਲਾਗਬੁੱਕ (*Employment Related Skills Logbook*) ਵਿਚ ਇੰਦਰਾਜ਼ ਮੁਕੰਮਲ ਕਰੇ।
- ਆਪਣੇ ਨੌਜਵਾਨ ਬੱਚੇ ਦੇ ਕੈਰੀਅਰ ਦੀ ਯੋਜਨਾ ਅਤੇ ਭਵਿੱਖ ਦੇ ਰੋਜ਼ਗਾਰ, ਸਿੱਖਿਆ, ਸਿਖਲਾਈ ਅਤੇ ਕੈਰੀਅਰ ਦੇ ਵਿਕਲਪਾਂ ਬਾਰੇ ਜਾਇਜ਼ਾ ਲਉ।
- ਭਵਿੱਖ ਵਿਚ ਸਲਾਹ, ਸਹਾਇਤਾ ਅਤੇ ਮੌਕਿਆਂ ਲਈ ਇਸ ਪਲੇਸਮੈਂਟ ਅਤੇ ਹੋਰਨਾਂ ਪਲੇਸਮੈਂਟਸ ਤੋਂ ਸੰਪਰਕਾਂ ਦਾ ਇਕ ਨੈਟਵਰਕ ਤਿਆਰ ਕਰੋ ਅਤੇ ਉਸ ਨੂੰ ਸੰਭਾਲ ਕੇ ਰੱਖੋ। ਇਹ ਜਾਣਕਾਰੀ ਭਵਿੱਖ ਵਿੱਚ ਕਿਸੇ ਹਵਾਲੇ ਲਈ ਰਿਕਾਰਡ ਵਿੱਚ ਰੱਖੀ ਜਾਣੀ ਚਾਹੀਦੀ ਹੈ।

## ਭਾਗ 6
## ਮਹੱਤਵਪੂਰਨ ਸੰਪਰਕ

ਇਸ ਗਾਈਡ ਵਿੱਚ ਦਿੱਤੀ ਗਈ ਅਹਿਮ ਜਾਣਕਾਰੀ ਨੂੰ ਪੜ੍ਹਨ ਲਈ ਆਪਣਾ ਸਮਾਂ ਦੇਣ ਵਾਸਤੇ ਤੁਹਾਡਾ ਧੰਨਵਾਦ। ਸਾਨੂੰ ਆਸ ਹੈ ਕਿ ਤੁਸੀਂ ਆਤਮ-ਵਿਸ਼ਵਾਸ ਨਾਲ ਭਰਪੂਰ ਹੋਵੋਗੇ ਅਤੇ ਆਪਣੇ ਨੌਜਵਾਨ ਬੱਚੇ ਦੀ ਸਹਾਇਤਾ ਲਈ ਪੂਰੀ ਤਰ੍ਹਾਂ ਤਿਆਰ ਹੋਵੋਗੇ ਕਿਉਂਕਿ ਉਹ ਸਕੂਲ ਜਾਂ TAFE NSW ਸੰਸਥਾਨ ਵੱਲੋਂ ਪ੍ਰਦਾਨ ਕੀਤੇ ਗਏ ਕੰਮ ਵਾਲੇ ਸਥਾਨ ਉਤੇ ਸਿਖਲਾਈ ਦੇ ਮੁੱਲਵਾਨ ਮੌਕੇ ਦਾ ਫ਼ਾਇਦਾ ਉਠਾਉਣ ਲੱਗੇ ਹਨ।

ਜੇ ਤੁਹਾਡਾ ਕੋਈ ਸਵਾਲ ਹੈ, ਤਾਂ ਕ੍ਰਿਪਾ ਕਰ ਕੇ ਨਿਮਨਲਿਖਿਤ 'ਚੋਂ ਕਿਸੇ ਇੱਕ ਦੇ ਸੰਪਰਕ ਵਿੱਚ ਰਹੋ :

- ਤੁਹਾਡੇ ਸਕੂਲ, TAFE NSW ਸੰਸਥਾਨ ਜਾਂ P/C RTO 'ਤੇ ਕੰਮ ਵਾਲੇ ਸਥਾਨ ਉਤੇ ਸਿਖਲਾਈ ਪ੍ਰੋਗਰਾਮ ਕੋਆਰਡੀਨੇਟਰ (workplace learning program coordinator)। ਇਹ ਕੈਰੀਅਰਜ਼ ਸਲਾਹਕਾਰ, VET ਕੋਆਰਡੀਨੇਟਰ ਜਾਂ ਸਕੂਲ ਟੂ ਵਰਕ ਕੋਆਰਡੀਨੇਟਰ (School to Work coordinator) ਹੋ ਸਕਦਾ ਹੈ।
- NSW Department of Education and Training ਵਿਖੇ ਵਾਜਬ ਖੇਤਰੀ ਦਫ਼ਤਰ 'ਚ ਕਿੱਤਾ-ਮੁਖੀ ਸਿੱਖਿਆ ਸਲਾਹਕਾਰ
- ਵਾਜਬ TAFE NSW ਸੰਸਥਾਨ 'ਚ TAFE NSW ਸੰਸਥਾਨ ਸਲਾਹਕਾਰ - TVET
- ਸੀਨੀਅਰ ਕੋਆਰਡੀਨੇਟਰ ਵਰਕਪਲੇਸ ਲਰਨਿੰਗ (Senior Coordinator Workplace Learning), Vocational Education in Schools Directorate ਟੈਲੀਫ਼ੋਨ 02 9244 5071 ਉਤੇ।

**ਵਿਦਿਆਰਥੀ ਦਾ ਮੇਜ਼ਬਾਨ ਮਾਲਕ :**

(ਪਲੇਸਮੈਂਟ ਵਾਲੀ ਥਾਂ ਉਤੇ ਭਰਿਆ ਜਾਵੇਗਾ)

| | |
|---|---|
| Host business: | |
| Contact person: | |
| Telephone: | |
| Mobile: | |
| Address: | |

NEW SOUTH WALES DEPARTMENT OF EDUCATION AND TRAINING

© NSW Department of Education and Training (Vocational Education in Schools Directorate) November 2005

Al rights reserved. Except under conditions described in the Copyright Act 1968 and subsequent amendments, no part of this publication may be reproduced by any process without permission in writing from the publisher.

This document may be photocopied to support students from NSW government schools or students enrolled in TAFE NSW institutes.

ISBN 0731384458  SCIS 1241375

POINT5590